# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਉਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਉਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 10 ਅਕਤੂਬਰ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬ ਖੇਤੀ ਯੂਨੀਵਰਸਿਟੀ ਦੇ ਸੇਵਾ ਮੁਕਤ ਸਹਾਇਕ ਲਾਇਬ੍ਰੇਰੀਅਨ ਸ. ਹਕੀਕਤ ਸਿੰਘ ਮਾਂਗਟ ਦਾ ਦੇਹਾਂਤ

### ਅੰਤਿਮ ਸੰਸਕਾਰ 11ਅਕਤੂਬਰ ਸਵੇਰੇ 9 ਵਜੇ ਬਾੜੇਵਾਲ ਸ਼ਮਸ਼ਾਨ ਘਾਟ ਵਿੱਚ ਹੋਵੇਗਾ।



ਲੁਧਿਆਣਾਃ 10 ਅਕਤੂਬਰ : ਪੰਜਾਬ ਖੇਤੀ ਯੂਨੀਵਰਸਿਟੀ ਸੰਚਾਰ ਕੇਂਦਰ ਦੇ ਸੇਵਾ ਮੁਕਤ ਬਾਨੀ ਸਹਾਇਕ ਲਾਇਬ੍ਰੇਰੀਅਨ ਸ. ਹਕੀਕਤ ਸਿੰਘ ਮਾਂਗਟ ਦਾ ਅੱਜ ਸ਼ਾਮੀਂ ਸਾਊਥ ਸਿਟੀ ਸਥਿਤ ਉਨ੍ਹਾਂ ਦੇ ਘਰ ਵਿੱਚ ਦੇਹਾਂਤ ਹੋ ਗਿਆ ਹੈ। ਉਹ ਲਗਪਗ 88 ਸਾਲ ਦੇ ਸਨ।

ਸ. ਹਕੀਕਤ ਸਿੰਘ ਮਾਂਗਟ ਦਾ ਅੰਤਿਮ ਸੰਸਕਾਰ ਪਿੰਡ ਬਾੜੇਵਾਲ ਅਵਾਣਾ ਸਥਿਤ ਸ਼ਮਸ਼ਾਨਘਾਟ (ਨੇੜੇ ਬਕਲਾਵੀ ਹੋਟਲ ਸਿੱਧਵਾਂ ਨਹਿਰ ਰੋਡ) ਵਿੱਚ ਸਵੇਰੇ 9ਵਜੇ ਹੋਵੇਗਾ।

ਸ. ਮਾਂਗਟ ਆਪਣੇ ਪਿੱਛੇ ਜੀਵਨ ਸਾਥਣ, ਸਪੁੱਤਰ ਡਾ. ਅਜੈਪਾਲ ਸਿੰਘ ਮਾਂਗਟ , ਨੂੰਹ ਵਰਿੰਦਰ ਮਾਂਗਟ ਤੇ ਪੋਤਰਾ ਕੌਮੀ ਪ੍ਰਸਿੱਧੀ ਪ੍ਰਾਪਤ ਕ੍ਰਿਕਟਰ ਅਧਿਰਾਜ ਸਿੰਘ ਮਾਂਗਟ ਸਮੇਤ ਸੱਜਣਾਂ ਪਿਆਰਿਆਂ ਤੇ ਰਿਸ਼ਤੇਦਾਰਾਂ ਵਿਸ਼ਾਲ ਪਰਿਵਾਰ ਛੱਡ ਗਏ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਵੇਲੇ ਤੋਂ ਹੀ ਉਹ ਯੂਨੀਵਰਸਿਟੀ ਸੇਵਾ ਵਿੱਚ ਆ ਗਏ ਅਤੇ ਉਨ੍ਹਾਂ ਨੂੰ ਡਾ. ਮ ਸ ਰੰਧਾਵਾ ਤੇ ਸ. ਕੁਲਵੰਤ ਸਿੰਘ ਵਿਰਕ ਖੇਤੀ ਗਿਆਨ ਸੂਚਨਾ ਦਾ ਵਿਸ਼ਵਾਸ ਯੋਗ ਸਰੋਤ ਮੰਨਦੇ ਸਨ।

ਚੰਡੀਗੜ੍ਹ ਰੋਡ ਸਥਿਤ ਪਿੰਡ ਰਾਮਗੜ੍ਹ ਦੇ ਜੰਮਪਲ ਸ. ਹਕੀਕਤ ਸਿੰਘ ਮਾਂਗਟ ਪੰਜਾਬੀ ਸਾਹਿੱਤ ਅਕਾਡਮੀ ਦੇ ਵੀ ਸਰਪ੍ਰਸਤ ਸਨ।

ਸ. ਹਕੀਕਤ ਸਿੰਘ ਮਾਂਗਟ ਨੂੰ ਸ਼ਰਧਾਂਜਲੀ ਦੇਂਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਤੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਮੇਰੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਸੇਵਾ 1983 ਵਿੱਚ ਆਉਣ ਵੇਲੇ ਤੋਂ ਲੈ ਕੇ ਹੁਣ ਤੀਕ ਉਹ ਮੇਰੇ ਮਾਰਗ ਦਰਸ਼ਕ ਵੱਡੇ ਭਰਾ ਬਣ ਕੇ ਰਹੇ। ਯੂਨੀਵਰਸਿਟੀ ਸੰਚਾਰ ਕੇਂਦਰ ਵਿੱਚ ਉਨ੍ਹਾਂ ਦਾ ਲਾਇਬਰੇਰੀ ਕਮਰਾ ਸਾਡੇ ਸਭ ਲਈ ਨਿਵੇਕਲਾ ਸਿਖਲਾਈ ਕੇਂਦਰ ਸੀ।

## ਕੋਰੀ ਸਲੇਟ ਨਹੀਂ ਹੁੰਦੇ ਬੱਚੇ



ਬੱਚੇ ਕੋਰੀ ਸਲੇਟ ਨਹੀਂ ਹੁੰਦੇ,
ਹੋਰ ਬਹੁਤ ਕੁਝ ਹੁੰਦੇ ਹਨ।
ਉਨ੍ਹਾਂ ਦੇ ਮਨ ਮਸਤਕ,
ਵਿਚਲੀ ਗੂੜ੍ਹੀ ਇਬਾਰਤ,
ਤੇ ਹੋਰ ਬਹੁਤ ਕੁਝ ਲਿਖਿਆ ਲਿਖਾਇਆ।
ਸਿਰਫ਼ ਅਸੀਂ ਹੀ ਉਸਨੂੰ,
ਪੜ੍ਹਨਾ ਨਹੀਂ ਜਾਣਦੇ।

ਬੱਚੇ ਦਿਆਂ ਨੇਤਰਾਂ ਵਿੱਚ ਸੈਆਂ ਸਮੁੰਦਰ ਤਰਦੇ।
ਸੁਪਨਿਆਂ 'ਚ ਘੁੰਮਦੇ ਜਿਮੀਂ ਅਸਮਾਨ।
ਖੰਡ ਬ੍ਰਹਿਮੰਡ, ਨਛੱਤਰ
ਕਿੰਨੇ ਸਾਰੇ।
ਤੇਜ਼ ਰਫ਼ਤਾਰੀ ਬਿਜਲੀ ਭਰੇ,
ਨਿੱਕੇ ਨਿੱਕੇ ਪੈਰ ਖ਼੍ਵਾਬਾਂ ਜਹੇ।

ਬੱਚਿਆਂ ਤੋਂ ਹੀ ਸਿੱਖਿਆ ਹੈ,
ਨਰਮੇ ਕਪਾਹਾਂ ਨੇ ਖਿੜਨਾ।
ਪਰਿੰਦਿਆਂ ਨੇ ਪੰਖ ਪਸਾਰਨੇ।
ਪੌਣਾਂ ਨੇ ਕਰਨੀਆਂ ਅਠਖੇਲੀਆਂ,
ਤੇ ਦਿਨ ਰਾਤ ਮਹਿਕਣਾ
ਸਿੱਖਿਆ ਹੈ।

ਬੱਚਿਆਂ ਨੇ ਹੀ ਸਿਖਾਇਆ ਹੈ ਸ਼ਰੀਂਹ ਦੇ ਫੁੱਲਾਂ ਤੋਂ ਲੈ ਕੇ
ਰਾਤ ਦੀ ਰਾਣੀ ਤੀਕ ਮਹਿਕਣਾ।
ਘੁੰਮਰਾਂ ਪਾਉਂਦੀ ਵੰਗਾਂ ਛਣਕਾਉਂਦੀ
ਸੱਜ ਵਿਆਹੀ ਨੂੰ ਟਹਿਕਣਾ।
ਕਦਮ ਕਦਮ ਤਾਲ ਤਾਲ ਦਰਿਆ ਵਾਂਗ ਵਹਿਣਾ
ਚੁੱਪ ਚਾਪ ਤੁਰਨਾ
ਮੂੰਹੋਂ ਕੁਝ ਵੀ ਨਾ ਕਹਿਣਾ।

ਬੱਚੇ ਹੀ ਸਿਖਾਉਂਦੇ ਨੇ
ਬਾਤਾਂ ਪਾਉਣੀਆਂ।
ਪੀੜ੍ਹੀ ਦਰ ਪੀੜ੍ਹੀ
ਪੁਸ਼ਤ ਦਰ ਪੁਸ਼ਤ।
ਨਹੀਂ ਤਾਂ ਚਿਰੋਕਣਾ
ਭੁਲ ਭੁਲਾ ਜਾਂਦੇ,
ਜੰਗਲ 'ਚ ਗੁਆਚੇ,
ਰੂਪ ਬਸੰਤ ਦੀ ਕਥਾ ਕਥੌਲੀ।

ਨਹੀਂ ਮਰਨ ਦਿੰਦੇ ਸਾਡੀ,
ਅਨੰਤ ਸਫ਼ਰ ਤੇ ਤੁਰਨ ਦੀ ਤਾਂਘ।
ਲਗਾਤਾਰ ਭਰਦੇ ਨੇ,
ਮਾਂ ਬਾਪ ਦੇ ਖੰਭਾਂ 'ਚ ਪਰਵਾਜ਼।
ਉੱਡਣੇ ਪੁੱਡਣੇ ਪੌਣ ਸਵਾਰ।

ਪੰਘੂੜੇ 'ਚ ਪਏ ਬੱਚੇ ਵੀ ਸਾਨੂੰ ਊਰਜਾ ਬਖ਼ਸ਼ਦੇ।
ਨਿੱਕੇ ਨਿੱਕੇ ਸੂਰਜ।
ਨੇਤਰ ਜਗਦੇ
ਜੁਗਨੂੰਆਂ ਦਾ ਜੋੜਾ।
ਕੋਲ ਬੁਲਾਉਂਦੇ ਤੇ ਸਮਝਾਉਂਦੇ,
ਸਾਡੇ ਕੋਲ ਬਹੁਤ ਕੁਝ ਹੈ
ਤੁਹਾਡੇ ਲਈ।

ਜੀਕੂੰ ਮਾਸੂਮੀਅਤ ਹੈ
ਗੁਲਾਬ ਦੀਆਂ ਪੱਤੀਆਂ ਜਹੀ
ਰਵੇਲ ਦੀਆਂ
ਸਫ਼ੈਦ ਕਲੀਆਂ ਜਹੀ।
ਤਾਰ ਤੇ ਲਮਕਦੀਆਂ
ਅੰਬਰੀ ਤਰੇਲ ਬੂੰਦਾਂ ਜਹੀ।
ਜਲਕਣ ਜਲਕਣ।
ਤਰਲਤਾ ਹੈ ਪਾਰੇ ਜਹੀ।
ਨਿਰਮਲ ਨਦੀ ਦੇ ਜਲ 'ਚ ਤਰਦੇ ਜਲ-ਬੁਲਬੁਲੇ ਜਹੀ।
ਥੋੜ ਚਿਰੀ ਹੀ ਸਹੀ,
ਸਾਹਾਂ 'ਚ ਘੁਲਣਹਾਰੀ।
ਮਿਸ਼ਰੀਓ ਮਿੱਠੀ ਮੁਸਕਾਨ।
ਸਵਾਸਾਂ 'ਚ ਉਮਰ ਭਰ ਤੁਰੇਗੀ ਨਾਲ ਨਾਲ।

ਬੱਚੇ ਬਹੁਤ ਕੁਝ ਕਹਿ ਜਾਂਦੇ ਨੇ ਬਿਨ ਬੋਲਿਆਂ।
ਤੁਹਾਡੀਆਂ ਅੱਖਾਂ 'ਚੋਂ ਮੁਹੱਬਤ ਦੀ,
ਮੁਹਾਰਨੀ ਪੜ੍ਹਦੇ ਅਲੂੰਏਂ ਬਾਲ।
ਮਾਸੂਮ ਰੱਬ ਨਿੱਕੇ ਜਿਹੇ।

ਬੱਚਾ ਤਾਂ ਬੱਚਾ ਹੁੰਦਾ ਹੈ,
ਮੁੰਡਾ ਜਾਂ ਕੁੜੀ ਨਹੀਂ ਹੁੰਦਾ।
ਮਾਪਿਓ!
ਤੁਸੀਂ ਕਿਓ ਦਰੇਗ ਕਰਦੇ ਹੋ।
ਗ਼ਰਜ਼ਾਂ ਬੱਧੇ ਫ਼ਰਜ਼ ਭੁੱਲ ਜਾਂਦੇ ਹੋ।
ਭੁੱਲਿਉ ਨਾ
ਰਿਸ਼ਤਿਆਂ ਨਾਲ ਬੇਈਮਾਨ
ਦੋਹੀਂ ਜਹਾਨੀਂ ਰੁਲਦੇ ਨੇ।

ਕੋਮਲ ਤੰਦਾਂ ਰੋਲ਼ ਕੇ
ਕਿਹੜਾ ਧਰਮ ਪਾਲਦੇ ਹੋ
ਧਰਮੀ ਬਾਬਲੋ ਕੁੱਖਾਂ ਦੀਆਂ ਤਲਾਸ਼ੀਆਂ ਲੈਂਦੇ,
ਭੁੱਲ ਜਾਂਦੇ ਹੋ ਜਣਨਹਾਰੀ ਮਾਂ।
ਨਿੱਕੀ ਜਹੀ ਰੱਖੜੀ
ਘੋੜੀ ਦੀਆਂ ਵਾਗਾਂ ਗੁੰਦਦੀ,
ਪਰਦੇਸਣ ਭੈਣ।
ਕੁਨਬੇ ਦੀ ਸੁਖ ਮੰਗਦੀ
ਸਵੇਰ ਸ਼ਾਮ,
ਬਾਬਲ ਦਾ ਵੱਸਦਾ ਰਹੇ ਵਿਹੜਾ।
ਵੱਸਦਾ ਰਹੇ ਮੇਰਾ ਨਗਰ ਖੇੜਾ।
ਖ਼ੁਦ ਲਈ ਕਦੇ ਕੱਖ ਨਾ ਮੰਗਦੀ,
ਦਰਿਆ ਦਿਲ ਧੀ-ਧਿਆਣੀ।
ਇਸ ਦੀ ਵੀ
ਅਲਖ ਮਿਟਾਉਂਦੇ ਹੋ।
ਵੱਡੀਆਂ ਅਕਲਾਂ ਵਾਲਿਓ।

ਬੇਬਸ ਅੱਖਾਂ ਵਿਚਲੀ
ਇਬਾਰਤ ਪੜ੍ਹੋ ਗਹੁ ਨਾਲ।
ਅਣਲਿਖੇ ਕਿੰਨੇ ਹੀ ਇਕਰਾਰਨਾਮੇ
ਹਰਫ਼ ਹਰਫ਼ ਸ਼ਬਦ ਬਣਦੇ
ਘੋੜੀਆਂ, ਸੁਹਾਗ, ਸਿੱਠਣੀਆਂ,
ਵੈਣ ਬਣਦੇ ਕਦੇ ਲੋਰੀਆਂ,
ਤੋਤਲੇ ਮਾਸੂਮ ਬੋਲ।

ਬੱਚਿਆਂ ਦੀਆਂ
ਇਨ੍ਹਾਂ ਸਲੇਟਾਂ ਤੇ
ਅਣਲਿਖਿਆ ਪੜ੍ਹੋ।
ਬਹੁਤ ਸਾਰੇ ਪੂਰਨੇ ਉੱਘੜ ਆਉਣਗੇ ਟਿਮਟਿਮਾਉਂਦੇ।
ਇਹੀ ਤੇ ਸੂਰਜ ਚੰਨ ਸਿਤਾਰੇ ਨੇ
ਤੁਹਾਡੀ ਬੁੱਕਲ 'ਚ ਖੇਡਦੇ।
ਬੁੱਕਲ ਸੰਭਾਲੋ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

## ਬਰੈਂਪਟਨ ਵਿਖੇ ਸੱਤਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਧੂਮ ਧਾਮ ਤੇ ਸ਼ਾਨ-ਓ-ਸ਼ੌਕਤ ਨਾਲ ਹੋਈ ਸੰਪੰਨ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਬਰੈਂਪਟਨ 10 ਅਕਤੂਬਰ : ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਪੰਜਾਬੀ ਮਾਂ ਬੋਲੀ ਅਤੇ ਅਮੀਰ ਪੰਜਾਬੀ ਵਿਰਾਸਤ ਨੂੰ ਸਮਰਪਿਤ ਸਤਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ ਵਿਸ਼ਾ 'ਪੰਜਾਬੀ ਸਾਹਿਤ ਅਤੇ ਸਮਾਜ ਵਿੱਚ ਔਰਤ ਦਾ ਅਕਸ' ਮਿਤੀ ਦੋ ਤਿੰਨ ਚਾਰ ਅਕਤੂਬਰ 2026 ਵਿਸ਼ਵ ਪੰਜਾਬੀ ਭਵਨ 114 ਕੈਨੇਡੀ ਰੋਡ ਬਰੈਮਟਨ ਵਿਖੇ ਅਯੋਜਨਤ ਕੀਤੀ ਗਈ। ਇਹ ਸਮਾਗਮ ਸਵਰਗਵਾਸੀ ਮਾਤਾ ਪ੍ਰੀਤਮ ਕੌਰ ਨੂੰ ਸਮਰਪਿਤ ਸੀ। ਦੇਸ਼ਾਂ ਵਿਦੇਸ਼ਾਂ ਤੋਂ ਕਵੀ, ਲੇਖਕ, ਸਾਹਿਤਕਾਰ, ਚਿੰਤਕ, ਅਲੋਚਕ, ਗਾਇਕ, ਬੁੱਧੀਜੀਵੀ, ਵਿਦਵਾਨ ਅਤੇ ਸਾਹਿਤ ਪ੍ਰੇਮੀਆਂ ਨੇ ਇਸ ਵਿੱਚ ਭਾਗ ਲਿਆ।




ਸਮਾਗਮ ਦੇ ਪਹਿਲੇ ਦਿਨ ਦੀ ਸ਼ੁਰੂਆਤ ਸਕੂਲੀ ਬੈਂਡ ਦੇ ਨਾਲ ਹੋਈ। ਰਿਬਨ ਕੱਟਣ ਦੀ ਰਸਮ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ, ਮੈਂਬਰ ਪਾਰਲੀਮੈਂਟ ਅਮਨ ਸੋਢੀ ਅਤੇ ਸਿਟੀ ਮੇਅਰ ਪੈਟਰਿਕ ਬਰਾਊਨ ਨੇ ਆਪਣੇ ਕਰ ਕਮਲਾਂ ਨਾਲ ਤਾੜੀਆਂ ਦੀ ਗੂੰਜ ਵਿੱਚ ਕੀਤੀ। ਖਾਲਸਾ ਕਮਿਊਟਨਟੀ ਸਕੂਲ ਦੇ ਬੱਚਿਆਂ ਦੇ ਬੈਂਡ ਨਾਲ ਸਭ ਨੂੰ ਪੰਜਾਬੀ ਭਵਨ ਵਿੱਚਲੇ ਮੰਚ ਤੱਕ ਪਹੁੰਚਾਇਆ ਗਿਆ। ਇਸ ਸਭਾ ਦੀਆਂ ਸੁਚੱਜੀਆਂ ਮਹਿਲਾਵਾਂ ਨੇ ਆਏ ਮਹਿਮਾਨਾਂ ਨੂੰ ਕੋਰੀਓਗ੍ਰਾਫੀ ਦੇ ਜਰੀਏ 'ਜੀ ਆਇਆ ਨੂੰ' ਗਾ ਕੇ ਸਭ ਦਾ ਸਵਾਗਤ ਕਰਕੇ ਮਾਹੌਲ ਨੂੰ ਪੰਜਾਬੀਅਤ ਦੀ ਖੁਸ਼ਬੂ ਨਾਲ ਰੰਗ ਦਿੱਤਾ। ਕੋਰੀਓਗ੍ਰਾਫੀ ਰੂਪ ਕਾਹਲੋਂ ਦੀ ਅਗਵਾਈ ਵਿੱਚ ਮੀਨੂ ਕਾਹਲੋਂ ਬਾਸੀ, ਇੰਦਰਜੀਤ ਕੌਰ ਢਿੱਲੋਂ, ਸਤਿੰਦਰ ਕੌਰ ਧਾਮੀ ਤੇ ਨਰਿੰਦਰ ਕੌਰ ਚੋਪੜਾ ਨੇ ਕੀਤੀ।ਇਸ ਤੋਂ ਬਾਅਦ ਖਾਲਸਾ ਕਮਿਊਨਿਟੀ ਸਕੂਲ ਦੇ ਬੱਚਿਆਂ ਵੱਲੋਂ ਕਨੇਡਾ ਲੋਕ ਗੀਤ ਅਤੇ ਰਿੰਕੂ ਭਾਟੀਆ ਨੇ ਇਕ ਧਾਰਮਿਕ ਸ਼ਬਦ ਗਾਇਨ ਕਰਕੇ ਸਮਾਗਮ ਦਾ ਮੰਗਲਾਚਰਨ ਕੀਤਾ।

ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਦਲਬੀਰ ਸਿੰਘ ਕਥੂਰੀਆ ਨੇ ਆਪਣੇ 'ਜੀ ਆਇਆਂ ਨੂੰ' ਦੇ ਸੰਦੇਸ਼ ਵਿੱਚ ਕਿਹਾ ਕਿ ਇੱਥੇ ਪਹੁੰਚਣ ਤੇ ਸਭਨਾਂ ਦਾ ਤਹਿ ਦਿਲੋਂ ਸਵਾਗਤ ਹੈ। ਉਹਨਾਂ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਮਾਂ ਬੋਲੀ ਕਿੱਧਰ ਜਾ ਰਹੀ ਹੈ? ਨੌਜਵਾਨ ਮਾਂ ਬੋਲੀ ਤੋਂ ਦੂਰ ਹੋ ਰਹੇ ਹਨ। ਮਾਂ ਬੋਲੀ ਨੂੰ ਅੱਗੇ ਕਿਵੇਂ ਲਿਜਾਣਾ ਹੈ ? ਕਾਨਫਰੰਸ ਦਾ ਮਤਲਬ ਕਿ ਮਾਂ ਬੋਲੀ ਨੂੰ ਕਿਵੇਂ ਬਚਾਉਣਾ ਹੈ ਅਤੇ ਉਸ ਦੇ ਲਾਡਲੇ ਜਿੰਦਾ ਹਨ। ਕੋਈ ਵੀ ਕੰਮ ਘਰ ਤੋਂ ਹੀ ਸ਼ੁਰੂ ਹੋਣਾ ਚਾਹੀਦਾ ਹੈ। ਆਓ ਪਰਿਵਾਰ ਤੋਂ ਸ਼ੁਰੂ ਕਰੀਏ। ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਵੇ। ਮਾਂ ਬੋਲੀ ਜਿਉਂਦੀ ਰਵੇਗੀ। ਸੰਸਕਾਰ ਜਿਉਂਦੇ ਰਹਿਣਗੇ। ਇਸ ਬੋਲੀ ਨੂੰ ਪਰਿਵਾਰ ਦੀ ਬੋਲੀ ਤੇ ਰੁਜ਼ਗਾਰ ਦੀ ਬੋਲੀ ਬਣਾਈਏ। ਧਰਨਿਆਂ ਦੀ ਜਰੂਰਤ ਨਹੀਂ ਸੰਵਾਦ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਹਰਿਆਣੇ ਵਿੱਚ ਸਭਾ ਦੇ ਯਤਨਾਂ ਨਾਲ ਸਕੂਲਾਂ ਵਿੱਚ ਚਾਰ ਬੱਚਿਆਂ ਦੀ ਪੰਜਾਬੀ ਕਲਾਸ ਵਿੱਚ ਇੱਕ ਪੰਜਾਬੀ ਟੀਚਰ ਮੁਹੱਈਆ ਕਰ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਕਿ ਉਹ ਪਾਕਿਸਤਾਨ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ ਨੂੰ ਮਿਲੇ ਤੇ ਉਸ ਤੋਂ ਬਾਅਦ ਐਮਪੀ ਅਮਜਦ ਅਲੀ ਜਾਵੇਦ ਨੂੰ ਪਾਕਿਸਤਾਨ ਵਿੱਚ ਪੰਜਾਬੀ ਬਿਲ ਪਾਸ ਕਰਵਾਇਆ ਤੇ ਲਹੌਰੀ ਪੰਜਾਬੀ ਪੰਜਵੀਂ ਤੱਕ ਲਾਗੂ ਕਰਵਾਈ। ਡਾ ਕਥੂਰੀਆ ਤੋਂ ਇਲਾਵਾ ਡਾਕਟਰ ਆਤਮਜੀਤ ਸਿੰਘ, ਡਾਕਟਰ ਵਰਿਆਮ ਸੰਧੂ, ਡਾ ਸੁੱਚਾ ਸਿੰਘ, ਡਾ ਕੰਵਲਜੀਤ ਕੌਰ ਗਿੱਲ, ਸੋਹਣ ਸਿੰਘ ਪਰਮਾਰ, ਸੁਖਵੀਰ ਸਿੰਘ ਵੀਹਲਾ, ਪਰਮਜੀਤ ਕੌਰ ਦਿਓਲ, ਲਵਲੀ ਸਲੂਜਾ, ਸੁਖਜੀਤ ਸਿੰਘ ਕਪੂਰਥਲਾ, ਪੁਸ਼ਪਿੰਦਰ ਜੀਤ ਸਿਆਲ, ਅਮ੍ਰਿਤਪਾਲ ਸਿੰਘ ਅਮ੍ਰਿਤ, ਡਾ ਰਿਆਜ਼ ਬਾਬਰ, ਡਾ ਦਲਬੀਰ ਸਿੰਘ ਕਥੂਰੀਆ, ਡਾ ਗੁਰਪ੍ਰੀਤ ਕੌਰ, ਡਾ ਦਵਿੰਦਰ ਲੱਧੜ, ਡਾ ਅਮ੍ਰਿਤਪਾਲ ਸਿੰਘ, ਅਮਰਜੀਤ ਕੌਰ ਜੀ, ਡਾ ਮਹਿੰਦਰਪਾਲ, ਗਿਆਨ ਸਿੰਘ ਕੰਗ, ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਰੂਬੀ ਸਹੋਤਾ ਮੈਂਬਰ ਪਾਰਲੀਮੈਂਟ, ਡਾ ਵਰਿਆਮ ਸੰਧੂ, ਬਾਵਰਾ ਸਾਹਿਬ, ਸੁਖਨੈਨ, ਮਹੇਸ਼ੀ ਬਾਂਗਰ, ਅਨੂ ਸੇਠੀ, ਮੋਹਨਪ੍ਰੀਤ ਸਿੰਘ, ਹਰਜਿੰਦਰ ਸਿੰਘ, ਰਸ਼ੀਦ ਨਦੀਮ, ਸ਼ਾਮ ਜੀ, ਪਰਮਜੀਤ ਦਿਓਲ, ਪਰਮਜੀਤ ਸਿੰਘ ਢਿੱਲੋਂ, ਅਜਾਦ ਭੱਟੀ, ਪ੍ਰੋ ਅਤੈ ਸਿੰਘ, ਰੂਪ ਕਾਹਲੋਂ, ਗੁਰਮਿੰਦਰ ਕੌਰ, ਸੁੰਦਰਪਾਲ ਕੌਰ, ਦਲਬੀਰ ਸਿੰਘ ਰਿਆੜ,ਪਰਗਟ ਸਿੰਘ ਬੱਗਾ,ਦਰਸ਼ਨ ਸਿੰਘ ਅਣਜਾਣ, ਮੋਹਨ ਸਿੰਘ ਗਿੱਲ, ਤਜਿੰਦਰਪਾਲ ਸਿੰਘ ਰਿਆੜ, ਗਿਆਨ ਸਿੰਘ ਘਈ, ਪਰਿਤਪਾਲ ਸਿੰਘ ਚੱਘੜ, ਰਜਿੰਦਰ ਸੈਣੀ, ਹਰਜੀਤ ਬਾਜਵਾ, ਹਰਕੰਵਲਜੀਤ ਸਾਹਿਲ, ਨਰਿੰਦਰ ਸਿੰਘ ਲੁਬਾਣਾ, ਕੇਵਲ ਬੱਲ,ਹਰਦਿਆਲ ਝੀਤਾ, ਸੁਰਜੀਤ ਗਿੱਲ, ਬਲਦੇਵ ਰਾਜ ਕੋਮਲ, ਸੁਰਿੰਦਰਜੀਤ ਕੌਰ, ਰਾਜ ਘੁੰਮਣ ਜੀ, ਮਨਪ੍ਰੀਤ ਸਹੋਤਾ, ਬੱਬਲਜੀਤ ਬਾਸੀ, ਡਾ ਹਰੀਸ਼ ਵਰਮਾ ਦਲਬੀਰ ਸਿੰਘ ਕਥੂਰੀਆ ਚੇਅਰਮੈਨ, ਪ੍ਰਗਟ ਸਿੰਘ ਬੱਗਾ ਪ੍ਰਧਾਨ, ਇੰਦਰਜੀਤ ਸਿੰਘ ਬੱਲ ਸਰਪ੍ਰਸਤ,ਜਗਜੀਤ ਸਿੰਘ ਬਿੱਲਾ, ਪਰਮਜੀਤ ਸਿੰਘ ਵਿਰਦੀ, ਦਰਸ਼ਨਜੀਤ ਸਿੰਘ ਅਰੋੜਾ, ਵਰਿਆਮ ਸੰਧੂ, ਸੁਰਜੀਤ ਕੌਰ, ਪਰਮਜੀਤ ਦਿਓਲ, ਡਾ ਆਤਮਜੀਤ ਸਿੰਘ, ਗੁਰਪ੍ਰੀਤ ਸਿੰਘ ਢਿੱਲੋਂ, ਜਤਿੰਦਰ ਰੰਧਾਵਾ, ਜਗੀਰ ਸਿੰਘ ਕਾਹਲੋਂ, ਡਾ ਰਤਨਜੀਤ, ਤਲਵਿੰਦਰ ਮੰਡ, ਹਰਜੀਤ ਸਿੰਘ ਬਾਜਵਾ, ਰਾਜਵੀਰ ਸੰਧੂ, ਤਾਹਿਰਾ, ਰਿਹਾਨ ਜੀ, ਸਿੰਘ ਔਲਖ, ਕਸ਼ਮੀਰਾ ਸਿੰਘ ਨਿਰਮਾਣ, ਪਾਰਸ ਮਹੀਨੀਆਂ ਇਸ ਤਿੰਨ ਦਿਨਾਂ ਕਾਨਫਰੰਸ ਵਿੱਚ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ। ਕਾਨਫਰੰਸ ਵਿੱਚ ਤਿੰਨ ਦਿਨ ਹਰ ਰੋਜ਼ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਇਹਨਾਂ ਕਵੀਆਂ ਨੇ ਭਾਗ ਲਿਆ। ਸਤੀਸ਼ ਗੁਲਾਟੀ, ਹਰਵਿੰਦਰ ਟਿਵਾਣਾ, ਦਲਬੀਰ ਸਿੰਘ ਰਿਆੜ, ਬਲਵਿੰਦਰ ਬਾਲਮ, ਬਲਦੇਵ ਰਾਜ ਕੋਮਲ, ਹਰਕੰਵਲਜੀਤ ਸਾਹਿਲ, ਦਰਸ਼ਨ ਸਿੰਘ ਅਣਜਾਣ, ਮਹਿੰਦਰ ਪ੍ਰਤਾਪ, ਹਰਪਾਲ ਸਿੰਘ ਨਾਗਰਾ, ਅਮ੍ਰਿਤਪਾਲ ਸਿੰਘ ਅਮ੍ਰਿਤ, ਮਹਿੰਦਰਪਾਲ, ਹੁਸਨੈਨ ਅਕਬਰ, ਲਵਲੀ ਸਲੂਜਾ, ਪ੍ਰਭਜੋਤ ਰਾਠੌਰ, ਪਰਮਜੀਤ ਦਿਓਲ, ਜਸਪਾਲ ਸਿੰਘ ਸਿੱਧੂ, ਸੁਖਜੀਤ ਸਿੰਘ ਕਪੂਰਥਲਾ, ਜਤਿੰਦਰ ਰੰਧਾਵਾ, ਗਿਆਨ ਸਿੰਘ ਘਈ, ਉਜ਼ਮਾ ਮਹਿਮੂਦ, ਵਿਸ਼ਾਰਦ ਰਿਹਾਨ, ਦਮਨਪ੍ਰੀਤ, ਹਰਦਿਆਲ ਝੀਤਾ, ਸੁਰਜੀਤ ਕੌਰ, ਸੁਖਵੀਰ ਹੰਸਪਾਲ, ਰਾਜਵੰਤ ਸੰਧੂ, ਸੁੰਦਰਪਾਲ ਕੌਰ ਰਾਜਾ ਸਾਹਸੀ, ਜਗੀਰ ਸਿੰਘ ਕਾਹਲੋਂ, ਹਰਜਿੰਦਰ ਰਾਹੀ, ਮੋਹਨਪ੍ਰੀਤ ਸਿੰਘ, ਸਵਰੂਪ ਸੰਧੂ , ਮਨਜੀਤ ਗਿੱਲ, ਸੁਖਨੈਨ ਜੀ, ਸੁਜਾਨ ਸਿੰਘ ਸੁਜਾਨ, ਕਿਰਨਦੀਪ ਸਿੰਘ, ਪਰਮਦੀਪ ਸਿੰਘ ਢਿੱਲੋਂ, ਹਰਕੰਵਲਦੀਪ ਸਿੰਘ, ਕੁਲਦੀਪ ਕੌਰ, ਸ਼ਾਮ ਜੀ, ਮਨਪ੍ਰੀਤ ਸਹੋਤਾ, ਪ੍ਰਮਿੰਦਰ ਸਵੈਚ, ਅਨੂ ਸੇਠੀ, ਮਹਿਕੀ ਬਾਂਗਰ, ਸੁਰਿੰਦਰਜੀਤ ਸੋਢੀ, ਪਰਮਜੀਤ ਢਿੱਲੋਂ, ਮਕਸੂਦ ਚੌਧਰੀ, ਅਵੈਸ਼ ਰਾਜਾ, ਤਾਰਿਕ ਅਨਵਰ, ਅਤੈ ਸਿੰਘ, ਪਰਮਜੀਤ ਦਿਓਲ, ਨਦੀਮ ਸਾਹਿਬ, ਅਜਾਦ ਭੱਟੀ ਪ੍ਰਧਾਨਗੀ ਮੰਡਲਾਂ ਵਿੱਚ ਸ਼ਾਮਲ ਹੋਏ।

ਇਸ ਮੌਕੇ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਹਨਾਂ ਨੇ ਵੀ ਆਪਣੇ ਵਿਚਾਰ ਕਾਨਫਰੰਸ ਵਿੱਚ ਰੱਖੇ।

ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਪੰਜਾਬ ਦੇ ਪ੍ਰਧਾਨ ਦਲਬੀਰ ਸਿੰਘ ਰਿਆੜ ਨੇ ਭਾਰਤ ਅਤੇ ਖਾਸ ਤੌਰ ਤੇ ਪੰਜਾਬ ਵਿੱਚ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪ੍ਰਸਾਰ ਲਈ ਸਭਾ ਦੇ ਭਾਰਤ ਦੇ ਪ੍ਰਧਾਨ ਸਤਬੀਰ ਸਿੰਘ, ਮਾਲਵਾ ਜ਼ੋਨ ਦੇ ਪ੍ਰਧਾਨ ਰਾਜਵੀਰ ਸਿੰਘ ਭਲੂਰੀਆ, ਮੀਤ ਪ੍ਰਧਾਨ ਸੋਹਣ ਸਿੰਘ ਗੈਦੂ ਅਤੇ ਡਾ ਰਮਨਦੀਪ ਸਿੰਘ ਬਟਾਲਾ ਵਲੋਂ ਕੀਤੇ ਜਾ ਰਹੇ ਵੱਖ ਵੱਖ ਉਪਰਾਲਿਆਂ ਤੇ ਚਾਨਣਾ ਪਾਇਆ।

ਦੂਜੇ ਅਤੇ ਤੀਸਰੇ ਦਿਨ ਦੋ ਦੋ ਨਾਟਕ ਖੇਡੇ ਗਏ। ਇਹਨਾਂ ਨਾਟਕਾਂ ਵਿੱਚ ਜਿਨਾਂ ਕਲਾਕਾਰਾਂ ਨੇ ਭਾਗ ਲਿਆ ਉਹਨਾਂ ਵਿੱਚ ਜੀਆ ਅਰੋੜਾ, ਯੁਵੀ ਔਜਲਾ, ਬਿਕਰਮ ਰੱਖੜਾ, ਅਰਸ਼ਦੀਪ ਕੌਰ ਧਾਲੀਵਾਲ, ਰਮਨਦੀਪ ਕੌਰ ਸੰਧੂ, ਅਨਨਦੀਪ ਕੌਰ ਦੇਵ, ਗੁਰਮੁਖ ਸਿੰਘ, ਸੁਰਜੀਤ ਕੌਰ, ਡਾਕਟਰ ਪੁਸ਼ਪ ਰੂਪ ਬਰਾੜ ਨੇ ਨਾਟਕਾਂ ਵਿੱਚ ਮਰਮ ਸਪਰਸ਼ੀ ਅਭਿਨੈ ਕਰਕੇ ਸਭਨਾਂ ਦੇ ਦਿਲ ਮੋਹ ਲਏ। ਇਹਨਾਂ ਨਾਟਕਾਂ ਦੇ ਲੇਖਕ ਨਿਰਦੇਸ਼ਕ ਨਾਹਰ ਸਿੰਘ ਔਜਲਾ ਸਨ। ਇਹ ਮੁਬਾਰਕਬਾਦ ਦੇ ਹੱਕਦਾਰ ਹਨ। ਰਸ਼ਪਿੰਦਰ, ਬੋਬੀ ਝੱਜ, ਪੁਸ਼ਪਿੰਦਰ ਸਿੱਧੂ ਲੇਖਕ, ਅਦਿਤੀ, ਸ਼ਹਿਨਾ ਸ਼ਰਮਾ, ਅਦਿੱਤੀ ਸ਼ਰਮਾ ਡਾਇਰੈਕਟਰ, ਸੰਵਾਦ ਕਰਤਾ ਤੇ ਲੇਖਕ ਸਨ। ਇਹ ਸਭ ਮੁਬਾਰਕਵਾਦ ਦੇ ਹੱਕਦਾਰ ਹਨ।

ਲਾਹੌਰ ਤੋਂ ਵਿਸ਼ੇਸ਼ ਤੌਰ ਤੇ ਤਸ਼ਰੀਫ ਲਿਆਏ ਬਾਬਾ ਨਜਮੀ ਅਤੇ ਕਬੱਡੀ ਕਲੱਬ ਦੇ ਪ੍ਰਧਾਨ ਲਾਡਾ ਸਹੋਤਾ, ਸਾਂਝਾ ਡੇਰਾ ਪਾਕਿਸਤਾਨ ਲਾਹੌਰ ਤੋਂ ਚੌਧਰੀ ਹਿਮਾਯੂੰ ਭੱਟ, ਚੌਧਰੀ ਅਦੀਲ ਦਿਓ, ਚੌਧਰੀ ਸਾਬਾਰਟ ਅਲੀ ਤਾਹਿਰ, ਚੌਧਰੀ ਹੈਦਰ, ਸੁਲਤਾਨ, ਚੌਧਰੀ ਅੱਲਾਉਲ ਅਜ਼ੀਜ਼ ਮਲਿਕ, ਚੌਧਰੀ ਨੋਮਨ ਅਹਿਮਦ, ਚੌਧਰੀ ਰਾਣਾ ਮੁਮਤਾਜ਼, ਚੌਧਰੀ ਸ਼ਾਹਿਦ ਪਰਵੇਜ਼ ਭੱਟੀ ਤੇ ਚੌਧਰੀ ਅਨਵਰ ਭੱਟੀ ਵਿਸ਼ੇਸ਼ ਤੌਰ ਤੇ ਤਸ਼ਰੀਫ ਲਿਆਏ।

ਜਿੱਥੇ ਵੱਖ ਵੱਖ ਦੇਸ਼ਾਂ ਅਤੇ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚੋਂ ਵੱਖ-ਵੱਖ ਗਿਣਤੀ ਵਿੱਚ ਸਾਹਿਤਕਾਰ ਅਤੇ ਵਿਦਵਾਨ ਪਹੁੰਚੇ, ਉੱਥੇ ਐਡਮਿੰਟਨ ਤੋਂ ਦਲਬੀਰ ਸਿੰਘ ਰਿਆੜ ਦੀ ਅਗਵਾਈ ਵਿੱਚ 14 ਮੈਂਬਰੀ ਟੀਮ ਪਹੁੰਚੀ ਜਿਨਾਂ ਵਿੱਚ ਬਲਵਿੰਦਰ ਸਿੰਘ ਬਾਲਮ,ਪਰਗਟ ਸਿੰਘ, ਪਾਰਸ ਮਹੀਨੀਆਂ, ਮਹਿੰਦਰ ਸਿੰਘ ਔਲਖ, ਸੁਰਜੀਤ ਕੌਰ ਧਾਲੀਵਾਲ, ਤਜਿੰਦਰ ਪਾਲ ਸਿੰਘ ਰਿਆੜ, ਦਰਸ਼ਨ ਸਿੰਘ ਅਣਜਾਣ,ਕਸ਼ਮੀਰਾ ਸਿੰਘ ਨਿਰਮਾਣ, ਕੇਵਲ ਸਿੰਘ ਬੱਲ, ਅਵਦੇਸ਼ ਸ਼ਰਮਾ,ਅਮ੍ਰਿਤਪਾਲ ਸਿੰਘ ਅਮ੍ਰਿਤ, ਨਰਿੰਦਰ ਸਿੰਘ ਲੁਬਾਣਾ, ਸੁਖਜੀਤ ਸਿੰਘ ਕਪੂਰਥਲਾ ਸ਼ਾਮਲ ਸਨ। ਇਸ ਮੌਕੇ ਤੇ ਹਾਜ਼ਰ ਲੇਖਕਾਂ ਨੇ ਵੱਖ-ਵੱਖ ਪੁਸਤਕਾਂ ਦਾ ਵਿਮੋਚਨ ਵੀ ਕੀਤਾ ਜਿਸ ਵਿੱਚ ਪੁਸਤਕ 'ਪੰਜਾਬੀ ਬੋਲੀ ਰਮਜ਼ਾ ਰੁਕਾਵਟਾਂ ਅਤੇ ਰਾਹ ਲੇਖਕ ਡਾਕਟਰ ਆਤਮਜੀਤ ਸਿੰਘ ਤੇ ਗੁਰਭਜਨ ਗਿੱਲ ਹਨ, ਪ੍ਰਵਾਸੀ ਕਸ਼ਕ ਦੇ ਲੇਖਕ ਗੁਰ ਜਤਿੰਦਰ ਸਿੰਘ ਰੰਧਾਵਾ ਮੁੱਖ ਸੰਪਾਦਕ ਪੰਜਾਬ ਮੇਲ ਯੂਐਸਏ, ਸੁਰਜੀਤ ਕੌਰ ਧਾਲੀਵਾਲ ਦੀ ਪੁਸਤਕ ਬੋਲੀਆਂ, ਪੁਸਤਕ ਭਾਈ ਮੇਵਾ ਸਿੰਘ ਦੀ ਸ਼ਹੀਦੀ ਅਤੇ ਹਾਪ ਕਿਨਸਨ ਦਾ ਕਤਲ ਦੇ ਲੇਖਕ ਸੋਹਣ ਸਿੰਘ ਪੂਨੀ, ਪੁਸਤਕ ਸਿਮਰਤੀ ਗ੍ਰੰਥ ਦੇ ਲੇਖਕ ਜਰਨੈਲ ਸਿੰਘ ਆਰਟਿਸਟ ਤੇ ਹੋਰ ਪੁਸਤਕਾਂ।

ਤਿੰਨ ਦਿਨ ਦੇ ਇਸ ਸਮਾਗਮ ਵਿੱਚ ਮੰਚ ਸੰਚਾਲਨ ਦੀ ਸੇਵਾ ਦਰਸ਼ਨਦੀਪ ਅਰੋੜਾ, ਤਾਹਿਰਾ ਸਰਾਂ, ਜਗੀਰ ਸਿੰਘ ਕਾਹਲੋਂ, ਸੁਰਜੀਤ ਕੌਰ, ਪਰਮਜੀਤ ਦਿਓਲ, ਮਨਪ੍ਰੀਤ ਸਹੋਤਾ, ਅਮਰਦੀਪ ਸਿੰਘ ਬਿੰਦਰਾ ਅਤੇ ਮੀਤਾ ਖੰਨਾ ਨੇ ਬਾਖੂਬੀ ਨਿਭਾਈ।

ਡਾਕਟਰ ਦਲਬੀਰ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਪ੍ਰਸਿੱਧ ਸਭ ਰੰਗ ਰੇਡੀਓ, ਵੀਪੀਐਸ 24.ca ਟੈਲੀਵਿਜ਼ਨ ਅਤੇ ਵਿਸ਼ਵ ਪੰਜਾਬੀ ਸਾਂਝ ਅਖਬਾਰ ਜੋ ਬਰੈਮਟਨ ਤੋਂ ਕਾਰਸ਼ੀਲ ਹਨ, ਇਹਨਾਂ ਉੱਪਰ ਆਏ ਸਾਹਿਤਕਾਰਾਂ ਦੇ ਇੰਟਰਵਿਊ ਅਤੇ ਵਿਚਾਰ ਵੀ ਲਏ ਗਏ। ਇਸ ਮੌਕੇ ਤੇ ਵਿਸ਼ਵ ਪੰਜਾਬੀ ਭਵਨ ਦੇ ਪ੍ਰਵੇਸ਼ ਦੁਆਰ ਦੇ ਸੱਜੇ ਪਾਸੇ ਸਤੀਸ਼ ਗੁਲਾਟੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਸਮਾਗਮ ਦੀ ਸਮਾਪਤੀ ਦੇ ਅਖੀਰ ਵਿੱਚ ਸਭਨਾਂ ਦਾ ਧੰਨਵਾਦ ਕਰਦੇ ਹੋਏ ਅਗਲੇ ਸਾਲ ਮਿਲਣ ਦੀ ਆਸ ਤੇ ਡਾਕਟਰ ਦਲਬੀਰ ਸਿੰਘ ਕਥੂਰੀਆ, ਇੰਦਰਜੀਤ ਸਿੰਘ ਬੱਲ ਅਤੇ ਪਰਗਟ ਸਿੰਘ ਬੱਗਾ ਨੇ ਆਪਣੇ ਆਪਣੇ ਵਿਚਾਰ ਰੱਖੇ। ਡਾ ਬੱਗਾ ਨੇ ਕਿਹਾ

ਕਾਲੀ ਰਾਤ ਤੋਂ ਲੈ ਕੇ ਸਿਆਹੀ ਗੋਰੇ ਰੰਗ ਦੀ ਪਵਾ ਕੇ ਗਵਾਹੀ
ਕਾਗਜ਼ ਦੀ ਬੇੜੀ ਤੇ ਬਹਿ ਕੇ ਅੱਗ ਦਾ ਦਰਿਆ ਤਰ ਜਾਵਾਂ
ਜੇ ਤੂੰ ਭੁੱਲੇ ਤਾਂ ਜਿਉਂਦਾ ਰਹੇਂ ਜੇ ਮੈਂ ਭੁੱਲਾਂ ਤਾਂ ਮਰ ਜਾਵਾਂ

ਸਮਾਗਮ ਦੇ ਅਖੀਰ ਵਿੱਚ ਡਾਕਟਰ ਆਤਮਜੀਤ ਨੇ ਸਭਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਬਰਾਬਰ ਕੰਮਾਂ ਵਾਸਤੇ ਮਰਦ ਤੇ ਔਰਤੀ ਉਜਰਤ ਬਰਾਬਰ ਹੋਵੇ। ਪੰਜਾਬੀ ਭਾਈਚਾਰਾ ਇਸ ਬਾਰੇ ਜਿਆਦਾ ਸੁਚੇਤ ਹੋਵੇ। ਪੰਜਾਬ ਦੇ ਸਰਕਾਰੀ ਸਕੂਲ ਵਿੱਚ ਸਪੋਰਟਸ ਦਾ ਲਾਜ਼ਮੀ ਵਿਸ਼ਾ ਬਣਾ ਕੇ ਮਾਰਸ਼ਲ ਆਰਟਸ ਨੂੰ ਇੱਕ ਬਦਲ ਵਜੋਂ ਲਾਗੂ ਕੀਤਾ ਜਾਏ। ਸਾਰੀਆਂ ਸਰਕਾਰਾਂ ਦੇ ਮੰਤਰੀ ਮੰਡਲਾਂ ਵਿੱਚ ਔਰਤ ਦਾ ਇੱਕ ਤਿਹਾਈ ਹਿੱਸਾ ਸੁਨਿਸ਼ਚਿਤ ਕੀਤਾ ਜਾਵੇ। ਸਥਾਨਕ ਸਰਕਾਰਾਂ ਵੱਲੋਂ ਕਸਬਿਆਂ ਤੇ ਸ਼ਹਿਰਾਂ ਵਿੱਚ ਯੋਗ ਗਿਣਤੀ ਵਿੱਚ ਤੇ ਸਾਫ ਸੁਥਰੇ ਰੈਸਟ ਰੂਮ ਬਣਾਏ ਜਾਣ। ਪੰਜਾਬ ਸਰਕਾਰ ਆਪਣੇ ਐਨਆਰਆਈ ਸੈਲ ਵਿਖੇ ਲਿੰਗ ਸੰਬੰਧਿਤ ਮੁੱਦਿਆਂ ਦੇ ਨਿਵਾਰਨ ਲਈ ਪ੍ਰਵਾਸੀ ਵਿਸ਼ੇਸ਼ਗਾਂ ਨੂੰ ਵੀ ਸ਼ਾਮਿਲ ਕਰੇ ਅਤੇ ਵਿਦੇਸ਼ਾਂ ਵਿੱਚ ਭਾਰਤੀ ਕੌਂਸਲੇਟਾਂ ਨਾਲ ਇਸ ਸੱਚ ਨੂੰ ਲਿੰਕ ਕਰੇ। ਅਸੀਂ ਜੰਗ ਅਤੇ ਹਿੰਸਾ ਦੀ ਨਿੰਦਾ ਕਰਦਿਆਂ ਇਰਾਨ ਗਾਜ਼ਾ ਅਤੇ ਦੁਨੀਆਂ ਦੇ ਦੂਜੇ ਹਿੱਸਿਆਂ ਵਿੱਚ ਔਰਤਾਂ ਅਤੇ ਬੱਚਿਆਂ ਉੱਤੇ ਹੋਏ ਜ਼ੁਲਮਾਂ ਦੇ ਸ਼ਰਮਨਾਕ ਕਾਰਿਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਆਖਿਰ ਤੇ ਸਮਾਪਤੀ ਸਮੇਂ ਪੰਜਾਬੀ ਸੱਭਿਆਚਾਰ ਦੀ ਸ਼ਾਨ ਜਾਗੋ ਕੱਢੀ ਗਈ। ਇਸ ਮੌਕੇ ਤੇ ਖੂਬਸੂਰਤ ਬੋਲੀਆਂ ਗਾਣਿਆਂ ਦੀਆਂ ਧੁਨਾਂ ਉੱਪਰ ਸਭ ਨੇ ਮਿਲ ਕੇ ਖੂਬ ਗਿੱਧੇ ਭੰਗੜੇ ਪਾਏ ਤੇ ਪੰਜਾਬੀਅਤ ਦੀ ਖੁਸ਼ਬੂ ਫਿਜ਼ਾ ਵਿੱਚ ਬਖੇਰ ਦਿੱਤੀ। ਇਕ ਸ਼ਾਨਦਾਰ ਯਾਦਗਾਰੀ ਸਮਾਗਮ ਦੀ ਹਕੀਕਤ ਗਵਾਹੀ ਸਭ ਦੇ ਦਿਲਾਂ ਮਸਤਕਾਂ ਵਿੱਚ ਜੀਵਤ ਰਵੇਗੀ। ਇਸ ਤੋਂ ਬਾਅਦ ਹਾਜ਼ਰ ਸਾਹਿਤਕਾਰਾਂ ਨੂੰ ਇੱਕ ਗੁਰਮੁਖੀ ਅੰਕਿਤ ਸ਼ਾਲ, ਮੈਡਲ, ਮੋਮੈਂਟੋ ਅਤੇ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਤਿੰਨ ਦਿਨਾਂ ਸਮਾਗਮ ਵਿੱਚ ਮੁਫ਼ਤ ਰਿਹਾਇਸ਼ ਤੇ ਭੋਜਨ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਲਗਭਗ 650 ਦੇ ਕਰੀਬ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ, ਵਿਦਵਾਨਾਂ, ਲੇਖਕਾਂ, ਬੁੱਧੀਜੀਵੀਆਂ ਨੇ ਭਾਗ ਲਿਆ। ਇਸ ਦਾ ਸਿਹਰਾ ਸਮਾਗਮ ਦੇ ਸੂਤਰਧਾਰ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਸੰਤ ਪੁਰਸ਼ ਦਲਬੀਰ ਸਿੰਘ ਕਥੂਰੀਆ ਅਤੇ ਉਹਨਾਂ ਦੇ ਸਹਿਯੋਗੀਆਂ ਨੂੰ ਜਾਂਦਾ ਹੈ।

ਵਰਲਡ ਪੰਜਾਬੀ ਟਾਈਮਜ਼ 10 ਅਕਤੂਬਰ 2026 ਦਿਨ ਸ਼ਨੀਵਾਰ

# *ਪੰਜਾਬੀ ਮਾਂ-ਬੋਲੀ: ਧਰਮਾਂ ਦੀਆਂ ਹੱਦਾਂ ਤੇ ਸਰਹੱਦਾਂ ਤੋਂ ਪਾਰ ਸਾਡੀ ਸਾਂਝੀ ਵਿਰਾਸਤ




ਪੰਜਾਬੀ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਸਗੋਂ ਪੰਜਾਬ ਦੇ ਲੋਕ-ਜੀਵਨ, ਸੱਭਿਆਚਾਰ, ਇਤਿਹਾਸ ਅਤੇ ਸਾਂਝੀ ਯਾਦ ਦਾ ਅਹਿਮ ਹਿੱਸਾ ਹੈ। ਇਸ ਵਿੱਚ ਮਾਵਾਂ ਦੀਆਂ ਲੋਰੀਆਂ, ਕਿਸਾਨਾਂ ਦੇ ਗੀਤ, ਸੂਫ਼ੀਆਂ ਦੀਆਂ ਕਾਫ਼ੀਆਂ, ਕਿੱਸਾਕਾਰਾਂ ਦੀਆਂ ਕਥਾਵਾਂ, ਕਵੀਆਂ ਦੇ ਵਿਛੋੜੇ ਅਤੇ ਇਨਕਲਾਬੀਆਂ ਦੀ ਚੇਤਨਾ ਸਮਾਈ ਹੋਈ ਹੈ। ਇਸ ਲਈ ਪੰਜਾਬੀ ਦੀ ਵਿਰਾਸਤ ਨੂੰ ਕਿਸੇ ਇੱਕ ਧਰਮ, ਜਾਤ ਜਾਂ ਫ਼ਿਰਕੇ ਤੱਕ ਸੀਮਿਤ ਕਰਨਾ ਇਸ ਦੇ ਇਤਿਹਾਸ ਦੀ ਵਿਆਪਕਤਾ ਨੂੰ ਘਟਾ ਕੇ ਦੇਖਣਾ ਹੋਵੇਗਾ ਸਗੋਂ ਇਹ ਤਾਂ ਲਹਿੰਦੇ ਪੰਜਾਬ ਸ਼ਾਹਮੁਖੀ ਤੇ ਚੜ੍ਹਦੇ ਚ ਗੁਰਮੁਖੀ ਬਸ ਪਾਕਿਸਤਾਨੀ ਪੰਜਾਬੀ ਵੀ ਸਿੰਧੀ,ਮੁਲਤਾਨੀ ਆਦਿ ਲਹਿਜੇ ਤੇ ਸਾਡੇ ਪੰਜਾਬ ਚ ਪੁਆਦੀ, ਮਲਵਈ, ਦੁਆਬੀ, ਮਾਝੀ।

ਪੰਜਾਬੀ ਦੇ ਵਿਕਾਸ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੇ ਨਾਲ-ਨਾਲ ਈਸਾਈ ਵਿਦਵਾਨਾਂ, ਪ੍ਰਕਾਸ਼ਕਾਂ ਅਤੇ ਹੋਰ ਸਮਾਜਿਕ ਧਾਰਾਵਾਂ ਨਾਲ ਜੁੜੇ ਲੋਕਾਂ ਨੇ ਵੀ ਵੱਖ-ਵੱਖ ਸਮਿਆਂ 'ਤੇ ਯੋਗਦਾਨ ਪਾਇਆ। ਪਰ ਇਤਿਹਾਸਕ ਇਨਸਾਫ਼ ਦੀ ਮੰਗ ਹੈ ਕਿ ਹਰ ਯੋਗਦਾਨ ਨੂੰ ਉਸ ਦੇ ਅਸਲ ਸੰਦਰਭ ਵਿੱਚ ਸਮਝਿਆ ਜਾਵੇ। ਕਿਸੇ ਵਿਅਕਤੀ ਦਾ ਪੰਜਾਬ ਵਿੱਚ ਜਨਮ ਲੈਣਾ, ਪੰਜਾਬੀ ਬੋਲਣਾ, ਪੰਜਾਬੀ ਵਿੱਚ ਲਿਖਣਾ ਅਤੇ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਸਿੱਧਾ ਯੋਗਦਾਨ ਪਾਉਣਾ—ਇਹ ਚਾਰ ਵੱਖ-ਵੱਖ ਗੱਲਾਂ ਹਨ।

ਇਸੇ ਤਰ੍ਹਾਂ ਭਾਸ਼ਾ, ਲਿਪੀ ਅਤੇ ਧਰਮ, ਦੇਸ਼ ਦੀ ਸਰਹੱਦਾਂ ਨੂੰ ਵੀ ਇੱਕੋ ਅਰਥ ਵਿੱਚ ਨਹੀਂ ਲੈਣਾ ਚਾਹੀਦਾ। ਪੰਜਾਬੀ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਵਿੱਚ ਲਿਖੀ ਜਾਂਦੀ ਹੈ। ਇਸ ਦਾ ਸਾਹਿਤਕ ਅਤੇ ਸੱਭਿਆਚਾਰਕ ਸੰਸਾਰ ਭਾਰਤੀ ਪੰਜਾਬ ਤੋਂ ਪਾਕਿਸਤਾਨੀ ਪੰਜਾਬ ਤੱਕ ਫੈਲਿਆ ਹੋਇਆ ਹੈ। ਪੰਜਾਬੀ ਦੀ ਅਸਲ ਤਾਕਤ ਇਸ ਦੀਆਂ ਵਿਭਿੰਨ ਪਰੰਪਰਾਵਾਂ ਅਤੇ ਸਾਂਝੇ ਲੋਕ-ਅਨੁਭਵਾਂ ਵਿੱਚ ਹੈ।

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ: ਸਾਂਝੀਵਾਲਤਾ ਦੀ ਜਿਉਂਦੀ ਜਾਗਦੀ ਉਦਾਹਰਨ ਏ ਪਰੰਪਰਾ

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮਨੁੱਖੀ ਬਰਾਬਰੀ, ਸੱਚ, ਕਿਰਤ, ਨਿਮਰਤਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਮਿਲਦਾ ਹੈ। ਉਨ੍ਹਾਂ ਦੀ ਬਾਣੀ ਦਾ ਲੋਕਾਂ ਦੀ ਸਮਝ ਵਾਲੀ ਭਾਸ਼ਾ ਵਿੱਚ ਪ੍ਰਗਟ ਹੋਣਾ ਇਸ ਦੀ ਵਿਆਪਕ ਪਹੁੰਚ ਦਾ ਮਹੱਤਵਪੂਰਨ ਪੱਖ ਸੀ। ਗੁਰੂ ਸਾਹਿਬ ਦੀ ਬਾਣੀ ਨੂੰ ਸਿਰਫ਼ ਧਾਰਮਿਕ ਉਪਦੇਸ਼ ਵਜੋਂ ਨਹੀਂ, ਸਗੋਂ ਪੰਜਾਬੀ ਦੇ ਭਾਸ਼ਾਈ, ਸੱਭਿਆਚਾਰਕ ਅਤੇ ਨੈਤਿਕ ਇਤਿਹਾਸ ਦੇ ਮਹੱਤਵਪੂਰਨ ਅੰਗ ਵਜੋਂ ਵੀ ਸਮਝਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਦਾ ਨਾਂ ਵਿਸ਼ੇਸ਼ ਸਤਿਕਾਰ ਨਾਲ ਲਿਆ ਜਾਂਦਾ ਹੈ। ਸਿੱਖ ਪਰੰਪਰਾ ਵਿੱਚ ਭਾਈ ਮਰਦਾਨਾ ਨੂੰ ਮੁਸਲਮਾਨ ਰਬਾਬੀ ਅਤੇ ਗੁਰੂ ਸਾਹਿਬ ਦੇ ਸੰਗੀ ਵਜੋਂ ਯਾਦ ਕੀਤਾ ਜਾਂਦਾ ਹੈ। ਰਬਾਬ ਅਤੇ ਬਾਣੀ ਦਾ ਇਹ ਸੰਗ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੂਹਾਨੀਅਤ, ਸੰਗੀਤ ਅਤੇ ਮਨੁੱਖੀ ਸਬੰਧਾਂ ਨੂੰ ਧਾਰਮਿਕ ਵੰਡਾਂ ਵਿੱਚ ਪੂਰੀ ਤਰ੍ਹਾਂ ਸਮੇਟਣਾਂ ਠੀਕ ਨਹੀਂ,

ਭਾਈ ਬਾਲਾ ਦਾ ਨਾਂ ਵੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਨਮਸਾਖੀ ਪਰੰਪਰਾ ਵਿੱਚ ਆਉਂਦਾ ਹੈ। ਪਰ ਇਸ ਮਾਮਲੇ ਵਿੱਚ ਇਤਿਹਾਸਕ ਸਾਵਧਾਨੀ ਲਾਜ਼ਮੀ ਹੈ। ਭਾਈ ਬਾਲਾ ਜਨਮਸਾਖੀ ਦੀ ਪਰੰਪਰਾ ਉਨ੍ਹਾਂ ਨੂੰ ਗੁਰੂ ਸਾਹਿਬ ਦਾ ਸਾਥੀ ਦੱਸਦੀ ਹੈ, ਜਦਕਿ ਕੁਝ ਵਿਦਵਾਨ ਇਸ ਬਿਰਤਾਂਤ ਦੀ ਇਤਿਹਾਸਕ ਪ੍ਰਮਾਣਿਕਤਾ ਅਤੇ ਭਾਈ ਬਾਲਾ ਦੀ ਭੂਮਿਕਾ ਬਾਰੇ ਸਵਾਲ ਉਠਾਉਂਦੇ ਹਨ। ਇਸ ਲਈ ਉਨ੍ਹਾਂ ਦਾ ਜ਼ਿਕਰ ਜਨਮਸਾਖੀ ਪਰੰਪਰਾ ਦੇ ਹਵਾਲੇ ਨਾਲ ਕਰਨਾ ਵਧੇਰੇ ਠੀਕ ਹੈ; ਉਨ੍ਹਾਂ ਦੀ ਇਤਿਹਾਸਕ ਭੂਮਿਕਾ ਨੂੰ ਨਿਰਵਿਵਾਦ ਤੱਥ ਵਜੋਂ ਪੇਸ਼ ਕਰਨਾ ਉਚਿਤ ਨਹੀਂ।

ਇਨ੍ਹਾਂ ਪ੍ਰਸੰਗਾਂ ਦਾ ਕੇਂਦਰੀ ਸੰਦੇਸ਼ ਇਹ ਹੈ ਕਿ ਪੰਜਾਬ ਦੀ ਧਾਰਮਿਕ ਅਤੇ ਸੱਭਿਆਚਾਰਕ ਯਾਦ ਵਿੱਚ ਆਪਸੀ ਸੰਗਤ, ਸੰਗੀਤ ਅਤੇ ਮਨੁੱਖੀ ਸਾਂਝ ਨੂੰ ਮਹੱਤਵਪੂਰਨ ਥਾਂ ਮਿਲੀ ਹੈ।

ਪੰਜਾਬੀ ਅਤੇ ਹਿੰਦੂ ਸਮਾਜ: ਭਾਸ਼ਾ, ਲੋਕ-ਜੀਵਨ ਅਤੇ ਸਾਹਿਤ

ਪੰਜਾਬ ਦੇ ਹਿੰਦੂ ਪਰਿਵਾਰਾਂ ਅਤੇ ਭਾਈਚਾਰਿਆਂ ਦਾ ਪੰਜਾਬੀ ਨਾਲ ਰਿਸ਼ਤਾ ਘਰਾਂ ਦੀ ਬੋਲੀ, ਲੋਕ-ਗੀਤਾਂ, ਕਿੱਸਿਆਂ, ਵਿਆਹ-ਸ਼ਾਦੀ ਦੀਆਂ ਰਸਮਾਂ ਅਤੇ ਸਮਾਜਿਕ ਜੀਵਨ ਵਿੱਚ ਵੇਖਿਆ ਜਾ ਸਕਦਾ ਹੈ। ਪੰਜਾਬੀ ਦੀ ਲੋਕ-ਵਿਰਾਸਤ ਕਿਸੇ ਇੱਕ ਧਾਰਮਿਕ ਸਮੂਹ ਦੀ ਮਲਕੀਅਤ ਨਹੀਂ। ਵੱਖ-ਵੱਖ ਭਾਈਚਾਰਿਆਂ ਨੇ ਆਪਣੇ ਜੀਵਨ-ਅਨੁਭਵਾਂ ਰਾਹੀਂ ਇਸ ਨੂੰ ਅੱਗੇ ਵਧਾਇਆ ਹੈ।

ਇਸ ਸੰਦਰਭ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਬਾਣੀ ਦਾ ਜ਼ਿਕਰ ਮਹੱਤਵਪੂਰਨ ਹੈ। ਇਸ ਵਿੱਚ ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਹੋਰ ਭਗਤਾਂ ਦੀ ਬਾਣੀ ਸ਼ਾਮਲ ਹੈ। ਇਹ ਬਾਣੀ ਵੱਖ-ਵੱਖ ਸੰਤ-ਪਰੰਪਰਾਵਾਂ ਅਤੇ ਭਾਸ਼ਾਈ ਰੂਪਾਂ ਨਾਲ ਸੰਬੰਧਿਤ ਹੈ। ਵਿਦਵਾਨਾਂ ਨੇ ਭਗਤ ਬਾਣੀ ਦੀ ਰਚਨਾ, ਭਾਸ਼ਾ ਅਤੇ ਸੰਚਾਰ-ਪਰੰਪਰਾ ਬਾਰੇ ਵਿਸਥਾਰ ਨਾਲ ਅਧਿਐਨ ਕੀਤਾ ਹੈ।

ਇਸ ਲਈ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਣ ਕਰਕੇ ਇਨ੍ਹਾਂ ਸਾਰੇ ਭਗਤਾਂ ਨੇ ਮੂਲ ਰੂਪ ਵਿੱਚ ਪੰਜਾਬੀ ਜਾਂ ਗੁਰਮੁਖੀ ਵਿੱਚ ਹੀ ਲਿਖਿਆ ਸੀ। ਕਿਸੇ ਰਚਨਾ ਦਾ ਮੂਲ ਭਾਸ਼ਾਈ ਰੂਪ, ਉਸ ਦਾ ਬਾਅਦ ਵਿੱਚ ਸੰਕਲਨ ਅਤੇ ਉਸ ਨੂੰ ਲਿਖਣ ਲਈ ਵਰਤੀ ਗਈ ਲਿਪੀ—ਇਹ ਵੱਖਰੇ ਇਤਿਹਾਸਕ ਸਵਾਲ ਹਨ।

ਇੱਥੇ ਮੁੱਖ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਸੰਤ-ਪਰੰਪਰਾਵਾਂ ਦੀ ਬਾਣੀ ਨੂੰ ਥਾਂ ਮਿਲਣਾ ਭਾਰਤੀ ਭਗਤੀ ਪਰੰਪਰਾ ਦੇ ਵਿਸ਼ਾਲ ਸੰਵਾਦ ਦੀ ਮਹੱਤਵਪੂਰਨ ਮਿਸਾਲ ਹੈ। ਇਸ ਵਿਰਾਸਤ ਦਾ ਸਤਿਕਾਰ ਕਰਦਿਆਂ ਸਾਨੂੰ ਨਾ ਤਾਂ ਕਿਸੇ ਭਗਤ ਦੀ ਭਾਸ਼ਾਈ ਪਛਾਣ ਬਾਰੇ ਬੇਸਬੂਤ ਦਾਅਵਾ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਸ ਦੇ ਵਿਚਾਰਾਂ ਦੀ ਮਹੱਤਤਾ ਨੂੰ ਘਟਾਉਣਾ ਚਾਹੀਦਾ ਹੈ।

ਈਸਾਈ ਮਿਸ਼ਨਰੀਆਂ ਅਤੇ ਪੰਜਾਬੀ ਛਪਾਈ ਦਾ ਇਤਿਹਾਸ

ਪੰਜਾਬੀ ਦੇ ਆਧੁਨਿਕ ਛਪਾਈ-ਇਤਿਹਾਸ ਵਿੱਚ ਈਸਾਈ ਮਿਸ਼ਨਰੀ ਸੰਸਥਾਵਾਂ ਦਾ ਇੱਕ ਦਸਤਾਵੇਜ਼ੀ ਯੋਗਦਾਨ ਹੈ। ਲੁਧਿਆਣਾ ਵਿੱਚ 1835 ਵਿੱਚ ਸਥਾਪਿਤ ਲੁਧਿਆਣਾ ਮਿਸ਼ਨ ਪ੍ਰੈੱਸ ਨੇ ਪੰਜਾਬੀ ਵਿੱਚ ਛਪਾਈ ਦੇ ਵਿਕਾਸ ਵਿੱਚ ਭੂਮਿਕਾ ਨਿਭਾਈ। ਇਸ ਨਾਲ ਜੁੜੇ ਪ੍ਰਕਾਸ਼ਨ ਧਾਰਮਿਕ ਸਾਹਿਤ ਦੇ ਨਾਲ-ਨਾਲ ਪੰਜਾਬੀ ਲਿਖਤ ਅਤੇ ਛਪਾਈ ਦੇ ਇਤਿਹਾਸ ਨੂੰ ਸਮਝਣ ਲਈ ਵੀ ਮਹੱਤਵ ਰੱਖਦੇ ਹਨ।

ਇਸ ਤੱਥ ਨੂੰ ਪੇਸ਼ ਕਰਦਿਆਂ ਦੋ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪਹਿਲੀ, ਮਿਸ਼ਨਰੀ ਛਪਾਈ ਪੰਜਾਬੀ ਦੇ ਵਿਕਾਸ ਦਾ ਇੱਕ ਮਹੱਤਵਪੂਰਨ ਪੱਖ ਸੀ, ਪਰ ਪੰਜਾਬੀ ਦੀ ਪੂਰੀ ਸਾਹਿਤਕ ਪਰੰਪਰਾ ਉਸ ਨਾਲ ਸ਼ੁਰੂ ਨਹੀਂ ਹੋਈ। ਦੂਜੀ, ਕਿਸੇ ਸੰਸਥਾ ਦਾ ਪੰਜਾਬੀ ਵਿੱਚ ਛਪਾਈ ਕਰਨਾ ਅਤੇ ਪੰਜਾਬੀ ਦੇ ਹਰ ਪੱਖ ਨੂੰ ਉਤਸ਼ਾਹਿਤ ਕਰਨਾ ਇੱਕੋ ਗੱਲ ਨਹੀਂ। ਇਤਿਹਾਸਕ ਮੁਲਾਂਕਣ ਲਈ ਉਸ ਦੇ ਵੱਖ-ਵੱਖ ਪ੍ਰਕਾਸ਼ਨਾਂ, ਉਦੇਸ਼ਾਂ ਅਤੇ ਭਾਸ਼ਾਈ ਯੋਗਦਾਨ ਨੂੰ ਵੱਖਰੇ ਤੌਰ 'ਤੇ ਦੇਖਣਾ ਚਾਹੀਦਾ ਹੈ।

ਜੈਨ ਅਤੇ ਬੋਧੀ ਪਰੰਪਰਾਵਾਂ ਦਾ ਇਤਿਹਾਸਕ ਸਾਹਿਤ ਮੁੱਖ ਤੌਰ 'ਤੇ ਪ੍ਰਾਕ੍ਰਿਤ, ਪਾਲੀ, ਸੰਸਕ੍ਰਿਤ ਅਤੇ ਹੋਰ ਭਾਸ਼ਾਵਾਂ ਨਾਲ ਜੁੜਿਆ ਰਿਹਾ ਹੈ। ਇਸ ਲਈ ਬਿਨਾਂ ਵਿਸ਼ੇਸ਼ ਸਬੂਤਾਂ ਦੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਸਿੱਧੇ ਰਚਨਹਾਰਾਂ ਦੀ ਸੂਚੀ ਵਿੱਚ ਸ਼ਾਮਲ ਕਰਨਾ ਠੀਕ ਨਹੀਂ ਹੋਵੇਗਾ। ਹਾਂ, ਅਹਿੰਸਾ, ਦਇਆ, ਸਹਿਣਸ਼ੀਲਤਾ ਅਤੇ ਜੀਵ-ਮਾਤਰ ਪ੍ਰਤੀ ਸਤਿਕਾਰ ਵਰਗੇ ਵਿਚਾਰਾਂ ਦਾ ਵਿਆਪਕ ਭਾਰਤੀ ਬੌਧਿਕ ਜਗਤ ਨਾਲ ਸੰਬੰਧ ਜ਼ਰੂਰ ਹੈ। ਇਨ੍ਹਾਂ ਵਿਚਾਰਾਂ ਅਤੇ ਪੰਜਾਬੀ ਸਾਹਿਤ ਵਿਚਕਾਰ ਸਬੰਧ ਦੀ ਗੱਲ ਕਰਦਿਆਂ ਖ਼ਾਸ ਰਚਨਾਵਾਂ ਜਾਂ ਇਤਿਹਾਸਕ ਉਦਾਹਰਨਾਂ ਦੇਣਾ ਹੋਰ ਵੀ ਭਰੋਸੇਯੋਗ ਪਹੁੰਚ ਹੋਵੇਗੀ।

ਸਵਾਮੀ ਵਿਵੇਕਾਨੰਦ ਅਤੇ ਮਹਾਤਮਾ ਗਾਂਧੀ: ਵਿਚਾਰਾਂ ਦਾ ਪ੍ਰਭਾਵ, ਸਿੱਧਾ ਸਾਹਿਤਕ ਯੋਗਦਾਨ ਨਹੀਂ

ਸਵਾਮੀ ਵਿਵੇਕਾਨੰਦ ਅਤੇ ਮਹਾਤਮਾ ਮੋਹਨਦਾਸ ਕਰਮਚੰਦ ਗਾਂਧੀ ਭਾਰਤੀ ਇਤਿਹਾਸ ਦੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਹਨ। ਵਿਵੇਕਾਨੰਦ ਨੇ ਮਨੁੱਖੀ ਸੇਵਾ, ਧਾਰਮਿਕ ਸਹਿਣਸ਼ੀਲਤਾ ਅਤੇ ਆਤਮ-ਵਿਸ਼ਵਾਸ ਬਾਰੇ ਵਿਚਾਰ ਪੇਸ਼ ਕੀਤੇ। ਗਾਂਧੀ ਨੇ ਲੋਕਾਂ ਨਾਲ ਸੰਚਾਰ, ਜਨ-ਭਾਗੀਦਾਰੀ ਅਤੇ ਭਾਰਤੀ ਭਾਸ਼ਾਵਾਂ ਦੇ ਮਹੱਤਵ ਬਾਰੇ ਆਪਣੀ ਰਾਜਨੀਤਿਕ ਤੇ ਸਮਾਜਿਕ ਸਰਗਰਮੀ ਰਾਹੀਂ ਚਰਚਾ ਨੂੰ ਪ੍ਰਭਾਵਿਤ ਕੀਤਾ।

ਪਰ ਦੋਵਾਂ ਨੂੰ ਪੰਜਾਬੀ ਸਾਹਿਤ ਦੇ ਸਿੱਧੇ ਰਚਨਕਾਰ ਵਜੋਂ ਪੇਸ਼ ਕਰਨਾ ਇਤਿਹਾਸਕ ਤੌਰ 'ਤੇ ਸਹੀ ਨਹੀਂ ਹੋਵੇਗਾ। ਉਨ੍ਹਾਂ ਦਾ ਜ਼ਿਕਰ ਪੰਜਾਬੀ ਮਾਂ-ਬੋਲੀ ਬਾਰੇ ਲੇਖ ਵਿੱਚ ਇੱਕ ਵਿਆਪਕ ਭਾਰਤੀ ਵਿਚਾਰਧਾਰਕ ਸੰਦਰਭ ਵਜੋਂ ਕੀਤਾ ਜਾ ਸਕਦਾ ਹੈ—ਇਸ ਗੱਲ ਦੀ ਮਿਸਾਲ ਵਜੋਂ ਕਿ ਮਨੁੱਖੀ ਏਕਤਾ ਅਤੇ ਲੋਕਾਂ ਨਾਲ ਉਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਵਿੱਚ ਸੰਵਾਦ ਕਿੰਨਾ ਮਹੱਤਵਪੂਰਨ ਹੈ।

ਕਿਸੇ ਵਿਚਾਰਕ ਦੀ ਮਹੱਤਤਾ ਸਵੀਕਾਰ ਕਰਨ ਲਈ ਉਸ ਨੂੰ ਪੰਜਾਬੀ ਦਾ ਲੇਖਕ ਸਾਬਤ ਕਰਨਾ ਜ਼ਰੂਰੀ ਨਹੀਂ। ਉਸ ਦੇ ਵਿਚਾਰਾਂ ਅਤੇ ਪੰਜਾਬੀ ਸਮਾਜ ਵਿਚਕਾਰ ਸਬੰਧ ਨੂੰ ਸਹੀ ਹੱਦਾਂ ਵਿੱਚ ਰੱਖਣਾ ਹੀ ਇਤਿਹਾਸ ਪ੍ਰਤੀ ਇਮਾਨਦਾਰੀ ਹੈ।

ਸ਼ਹੀਦ ਭਗਤ ਸਿੰਘ: ਪੰਜਾਬੀ ਪੱਤਰਕਾਰੀ, ਸਮਾਜਿਕ ਚੇਤਨਾ ਅਤੇ ਫ਼ਿਰਕੂ ਸਾਂਝ

ਸ਼ਹੀਦ-ਏ-ਆਜ਼ਮ ਭਗਤ ਸਿੰਘ ਪੰਜਾਬ ਦੇ ਇਤਿਹਾਸ ਵਿੱਚ ਇਨਕਲਾਬੀ ਸੰਘਰਸ਼ ਦੇ ਨਾਲ-ਨਾਲ ਲੇਖਕ ਅਤੇ ਵਿਚਾਰਕ ਵਜੋਂ ਵੀ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਦੀ ਲਿਖਤ ਵਿੱਚ ਸਮਾਜਿਕ ਅਨਿਆਂ, ਛੂਆਛੂਤ ਅਤੇ ਫ਼ਿਰਕੂ ਰਾਜਨੀਤੀ ਬਾਰੇ ਸਪੱਸ਼ਟ ਚਿੰਤਾ ਦਿਖਾਈ ਦਿੰਦੀ ਹੈ।

ਜੂਨ 1928 ਦੇ ਕੀਰਤੀ ਰਸਾਲੇ ਵਿੱਚ ਉਨ੍ਹਾਂ ਦਾ ਲੇਖ "ਫ਼ਿਰਕੂ ਦੰਗੇ ਅਤੇ ਉਨ੍ਹਾਂ ਦਾ ਇਲਾਜ" ਪ੍ਰਕਾਸ਼ਿਤ ਹੋਇਆ ਸੀ। ਉਨ੍ਹਾਂ ਦੀ ਇਸ ਲਿਖਤ ਵਿੱਚ ਫ਼ਿਰਕੂ ਤਣਾਅ ਪੈਦਾ ਕਰਨ ਵਾਲੀਆਂ ਰਾਜਨੀਤਿਕ ਅਤੇ ਸਮਾਜਿਕ ਤਾਕਤਾਂ ਬਾਰੇ ਵਿਚਾਰ ਕੀਤਾ ਗਿਆ। ਭਗਤ ਸਿੰਘ ਦੀ ਇਸ ਲਿਖਤ ਦਾ ਹਵਾਲਾ ਉਨ੍ਹਾਂ ਦੀ ਧਰਮ-ਆਧਾਰਿਤ ਵੰਡ ਪ੍ਰਤੀ ਆਲੋਚਨਾਤਮਕ ਸੋਚ ਨੂੰ ਸਮਝਣ ਲਈ ਦਿੱਤਾ ਜਾ ਸਕਦਾ ਹੈ।

ਪਰ ਇੱਥੇ ਵੀ ਤੱਥਾਂ ਦੀ ਹੱਦ ਕਾਇਮ ਰੱਖਣੀ ਚਾਹੀਦੀ ਹੈ। ਇਸ ਲੇਖ ਤੋਂ ਇਹ ਸਿੱਧਾ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਭਗਤ ਸਿੰਘ ਨੇ ਪੰਜਾਬੀ ਮਾਂ-ਬੋਲੀ ਬਾਰੇ ਕੋਈ ਖ਼ਾਸ ਸਿਧਾਂਤ ਪੇਸ਼ ਕੀਤਾ ਸੀ। ਜੇ ਉਨ੍ਹਾਂ ਦੇ ਭਾਸ਼ਾ-ਸੰਬੰਧੀ ਵਿਚਾਰਾਂ ਬਾਰੇ ਕੋਈ ਖ਼ਾਸ ਦਾਅਵਾ ਕਰਨਾ ਹੋਵੇ, ਤਾਂ ਉਨ੍ਹਾਂ ਦੀ ਕਿਸੇ ਪ੍ਰਮਾਣਿਤ ਲਿਖਤ, ਪੱਤਰ ਜਾਂ ਭਾਸ਼ਣ ਦਾ ਹਵਾਲਾ ਦੇਣਾ ਜ਼ਰੂਰੀ ਹੈ।

ਇਸ ਦੇ ਬਾਵਜੂਦ, ਭਗਤ ਸਿੰਘ ਦੀ ਲਿਖਤ ਅਤੇ ਸਮਾਜਿਕ ਚੇਤਨਾ ਦਾ ਜ਼ਿਕਰ ਇਸ ਲੇਖ ਵਿੱਚ ਢੁੱਕਵਾਂ ਹੈ, ਕਿਉਂਕਿ ਪੰਜਾਬੀ ਮਾਂ-ਬੋਲੀ ਦੀ ਗੱਲ ਕਰਦਿਆਂ ਲੋਕਾਂ ਨੂੰ ਵੰਡਣ ਦੀ ਬਜਾਏ ਉਨ੍ਹਾਂ ਨੂੰ ਜੋੜਨ ਵਾਲੇ ਵਿਚਾਰਾਂ ਦੀ ਮਹੱਤਤਾ ਵੀ ਸਮਝਣੀ ਲਾਜ਼ਮੀ ਹੈ।

ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ ਅਤੇ ਬਾਬਾ ਨਜ਼ਮੀ: ਪੰਜਾਬੀ ਦੀ ਸਰਹੱਦ-ਪਾਰ ਆਵਾਜ਼

ਪੰਜਾਬੀ ਸੂਫ਼ੀ ਕਵਿਤਾ ਨੇ ਭਾਸ਼ਾ ਨੂੰ ਰੂਹਾਨੀ ਅਨੁਭਵ, ਮਨੁੱਖੀ ਪਿਆਰ ਅਤੇ ਸਮਾਜਿਕ ਆਲੋਚਨਾ ਦਾ ਮਾਧਿਅਮ ਬਣਾਇਆ। ਬਾਬਾ ਫ਼ਰੀਦ ਦੀ ਬਾਣੀ ਪੰਜਾਬੀ ਦੀ ਸਾਹਿਤਕ ਵਿਰਾਸਤ ਵਿੱਚ ਵਿਸ਼ੇਸ਼ ਥਾਂ ਰੱਖਦੀ ਹੈ। ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੰਭਾਲਿਆ ਜਾਣਾ ਵੀ ਪੰਜਾਬ ਦੇ ਧਾਰਮਿਕ ਅਤੇ ਸਾਹਿਤਕ ਇਤਿਹਾਸ ਦਾ ਮਹੱਤਵਪੂਰਨ ਪੱਖ ਹੈ।

ਬੁੱਲ੍ਹੇ ਸ਼ਾਹ ਦੀ ਕਵਿਤਾ ਵਿੱਚ ਰੂਹਾਨੀ ਖੋਜ, ਮਨੁੱਖੀ ਪਿਆਰ ਅਤੇ ਸਮਾਜਿਕ ਪਖੰਡ ਦੀ ਆਲੋਚਨਾ ਮਿਲਦੀ ਹੈ। ਉਨ੍ਹਾਂ ਦੀਆਂ ਕਾਫ਼ੀਆਂ ਪੰਜਾਬੀ ਦੀ ਸਾਂਝੀ ਸਾਹਿਤਕ ਯਾਦ ਦਾ ਹਿੱਸਾ ਬਣ ਚੁੱਕੀਆਂ ਹਨ। ਉਨ੍ਹਾਂ ਨੂੰ ਕਿਸੇ ਇੱਕ ਅਜੋਕੇ ਰਾਸ਼ਟਰੀ ਜਾਂ ਧਾਰਮਿਕ ਖਾਨੇ ਵਿੱਚ ਬੰਨ੍ਹਣ ਦੀ ਬਜਾਏ ਉਨ੍ਹਾਂ ਦੇ ਇਤਿਹਾਸਕ ਸੰਦਰਭ ਅਤੇ ਕਾਵਿ-ਵਿਰਾਸਤ ਵਿੱਚ ਸਮਝਣਾ ਚਾਹੀਦਾ ਹੈ।

ਬਾਬਾ ਨਜ਼ਮੀ ਪਾਕਿਸਤਾਨੀ ਪੰਜਾਬ ਨਾਲ ਸੰਬੰਧਿਤ ਸਮਕਾਲੀ ਪੰਜਾਬੀ ਕਵੀ ਹਨ। ਉਨ੍ਹਾਂ ਦੀ ਕਵਿਤਾ ਦਾ ਜ਼ਿਕਰ ਲਹਿੰਦੇ ਪੰਜਾਬ ਦੀ ਆਧੁਨਿਕ ਪੰਜਾਬੀ ਸਾਹਿਤਕ ਧਾਰਾ ਦੇ ਸੰਦਰਭ ਵਿੱਚ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਸਮਾਜਿਕ ਵਿਚਾਰਾਂ ਨੂੰ ਸਮਝਣ ਲਈ ਖ਼ਾਸ ਕਵਿਤਾਵਾਂ ਅਤੇ ਪ੍ਰਕਾਸ਼ਿਤ ਰਚਨਾਵਾਂ ਦਾ ਹਵਾਲਾ ਦੇਣਾ ਹੋਰ ਵੀ ਮਜ਼ਬੂਤ ਆਧਾਰ ਹੋਵੇਗਾ।

ਇਨ੍ਹਾਂ ਕਵੀਆਂ ਨੂੰ ਇੱਕੋ ਜਿਹੇ ਇਤਿਹਾਸਕ ਸਮੇਂ ਜਾਂ ਇੱਕੋ ਵਿਚਾਰਧਾਰਾ ਨਾਲ ਜੋੜਨਾ ਠੀਕ ਨਹੀਂ। ਬਾਬਾ ਫ਼ਰੀਦ, ਬੁੱਲ੍ਹੇ ਸ਼ਾਹ ਅਤੇ ਬਾਬਾ ਨਜ਼ਮੀ ਵੱਖ-ਵੱਖ ਦੌਰਾਂ ਦੇ ਕਵੀ ਹਨ। ਉਨ੍ਹਾਂ ਦੀ ਸਾਂਝ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਦੀ ਕਵਿਤਾ ਪੰਜਾਬੀ ਵਿੱਚ ਰੂਹਾਨੀ, ਮਨੁੱਖੀ ਜਾਂ ਸਮਾਜਿਕ ਅਨੁਭਵਾਂ ਨੂੰ ਪ੍ਰਗਟ ਕਰਨ ਵਾਲੀ ਵੱਡੀ ਸਾਹਿਤਕ ਪਰੰਪਰਾ ਨਾਲ ਜੁੜਦੀ ਹੈ।

ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਖੇ ਜਾਂਦੇ ਪੰਜਾਬੀ ਸਾਹਿਤ ਦਾ ਸਾਂਝਾ ਅਧਿਐਨ ਇਸ ਵਿਰਾਸਤ ਨੂੰ ਹੋਰ ਵਿਆਪਕ ਤਰੀਕੇ ਨਾਲ ਸਮਝਣ ਵਿੱਚ ਮਦਦ ਕਰ ਸਕਦਾ ਹੈ। ਭਾਸ਼ਾ ਦੀ ਇਹ ਸਾਂਝ ਸਰਹੱਦਾਂ ਦੇ ਇਨਕਾਰ ਨਾਲੋਂ ਵੱਧ, ਉਨ੍ਹਾਂ ਤੋਂ ਪਾਰ ਸੱਭਿਆਚਾਰਕ ਰਿਸ਼ਤਿਆਂ ਨੂੰ ਪਛਾਣਨ ਦਾ ਸੱਦਾ ਹੈ।

ਭਾਈ ਵੀਰ ਸਿੰਘ ਤੋਂ ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਅਤੇ ਸੰਤ ਰਾਮ ਉਦਾਸੀ ਤੱਕ

ਆਧੁਨਿਕ ਪੰਜਾਬੀ ਸਾਹਿਤ ਦਾ ਵਿਕਾਸ ਵੱਖ-ਵੱਖ ਸਾਹਿਤਕ ਰੁਝਾਨਾਂ, ਵਿਚਾਰਧਾਰਾਵਾਂ ਅਤੇ ਵਿਅਕਤੀਗਤ ਅਨੁਭਵਾਂ ਰਾਹੀਂ ਹੋਇਆ। ਭਾਈ ਵੀਰ ਸਿੰਘ ਨੇ ਕਵਿਤਾ, ਨਾਵਲ ਅਤੇ ਵਾਰਤਕ ਰਾਹੀਂ ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਰਚਨਾ ਨੂੰ ਆਪਣੇ ਸਮੇਂ ਦੇ ਧਾਰਮਿਕ ਅਤੇ ਸੱਭਿਆਚਾਰਕ ਸੰਦਰਭਾਂ ਵਿੱਚ ਸਮਝਣਾ ਚਾਹੀਦਾ ਹੈ।

ਪ੍ਰੋ. ਮੋਹਨ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਨੂੰ ਨਵੇਂ ਵਿਸ਼ੇ, ਨਵੀਂ ਸੰਵੇਦਨਾ ਅਤੇ ਮਨੁੱਖੀ ਜੀਵਨ ਦੀਆਂ ਗੁੰਝਲਾਂ ਨੂੰ ਪ੍ਰਗਟ ਕਰਨ ਦੀ ਨਵੀਂ ਸ਼ੈਲੀ ਦਿੱਤੀ। ਸ਼ਿਵ ਕੁਮਾਰ ਬਟਾਲਵੀ ਨੇ ਪ੍ਰੇਮ, ਵਿਛੋੜੇ ਅਤੇ ਮਨੁੱਖੀ ਪੀੜ ਨੂੰ ਵਿਲੱਖਣ ਕਾਵਿ-ਆਵਾਜ਼ ਬਖ਼ਸ਼ੀ। ਸੰਤ ਰਾਮ ਉਦਾਸੀ ਦੀ ਕਵਿਤਾ ਵਿੱਚ ਮਿਹਨਤਕਸ਼ ਲੋਕਾਂ ਦੇ ਜੀਵਨ, ਸਮਾਜਿਕ ਅਸਮਾਨਤਾ ਅਤੇ ਬਰਾਬਰੀ ਦੀ ਲਾਲਸਾ ਵਰਗੇ ਵਿਸ਼ੇ ਪ੍ਰਮੁੱਖ ਹਨ।

ਇਨ੍ਹਾਂ ਲੇਖਕਾਂ ਦੀਆਂ ਸਾਹਿਤਕ ਦਿਸ਼ਾਵਾਂ ਵੱਖਰੀਆਂ ਸਨ। ਉਨ੍ਹਾਂ ਨੂੰ ਇੱਕੋ ਵਿਚਾਰਧਾਰਾ ਜਾਂ ਇੱਕੋ ਕਿਸਮ ਦੀ ਸਾਹਿਤਕ ਭੂਮਿਕਾ ਵਿੱਚ ਸਮੇਟਣਾ ਠੀਕ ਨਹੀਂ ਹੋਵੇਗਾ। ਪਰ ਇਹ ਗੱਲ ਸਾਂਝੀ ਹੈ ਕਿ ਉਨ੍ਹਾਂ ਨੇ ਪੰਜਾਬੀ ਨੂੰ ਵੱਖ-ਵੱਖ ਮਨੁੱਖੀ ਅਨੁਭਵਾਂ, ਭਾਵਨਾਵਾਂ ਅਤੇ ਸਮਾਜਿਕ ਹਾਲਾਤਾਂ ਨੂੰ ਪ੍ਰਗਟ ਕਰਨ ਦਾ ਸਮਰੱਥ ਮਾਧਿਅਮ ਬਣਾਇਆ।

ਪ੍ਰੋ. ਗੁਰਭਜਨ ਸਿੰਘ ਗਿੱਲ: ਸਮਕਾਲੀ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸੰਵਾਦ

ਪ੍ਰੋ. ਗੁਰਭਜਨ ਸਿੰਘ ਗਿੱਲ ਸਮਕਾਲੀ ਪੰਜਾਬੀ ਕਵਿਤਾ ਅਤੇ ਸਾਹਿਤਕ ਸਰਗਰਮੀਆਂ ਨਾਲ ਜੁੜੀ ਪ੍ਰਮੁੱਖ ਸ਼ਖ਼ਸੀਅਤ ਹਨ। ਉਨ੍ਹਾਂ ਦਾ ਜ਼ਿਕਰ ਪੰਜਾਬੀ ਸਾਹਿਤ ਦੇ ਮੌਜੂਦਾ ਦੌਰ, ਸਾਹਿਤਕ ਸੰਵਾਦ ਅਤੇ ਭਾਸ਼ਾ ਪ੍ਰਤੀ ਸਮਰਪਣ ਦੇ ਸੰਦਰਭ ਵਿੱਚ ਕੀਤਾ ਜਾ ਸਕਦਾ ਹੈ।

1947 ਦੀ ਵੰਡ ਪੰਜਾਬ ਦੇ ਇਤਿਹਾਸ ਦੀ ਇੱਕ ਡੂੰਘੀ ਤ੍ਰਾਸਦੀ ਸੀ। ਇਸ ਨੇ ਪਰਿਵਾਰਾਂ, ਪਿੰਡਾਂ, ਰਿਸ਼ਤਿਆਂ ਅਤੇ ਸੱਭਿਆਚਾਰਕ ਜੀਵਨ ਨੂੰ ਪ੍ਰਭਾਵਿਤ ਕੀਤਾ। ਇਸ ਦੇ ਬਾਵਜੂਦ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚਕਾਰ ਪੰਜਾਬੀ ਭਾਸ਼ਾ, ਲੋਕ-ਗੀਤਾਂ, ਕਿੱਸਿਆਂ ਅਤੇ ਕਾਵਿ-ਪਰੰਪਰਾਵਾਂ ਦੇ ਰਿਸ਼ਤੇ ਬਣੇ ਰਹੇ।

ਪੰਜਾਬੀ ਲੇਖਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਵੰਡ ਦੀ ਯਾਦ ਨੂੰ ਸਿਰਫ਼ ਸਿਆਸੀ ਬਹਿਸ ਤੱਕ ਸੀਮਿਤ ਨਾ ਰੱਖਣ, ਸਗੋਂ ਉਸ ਦੇ ਮਨੁੱਖੀ ਅਨੁਭਵਾਂ ਨੂੰ ਵੀ ਸਮਝਣ। ਪ੍ਰੋ. ਗੁਰਭਜਨ ਸਿੰਘ ਗਿੱਲ ਵਰਗੇ ਸਮਕਾਲੀ ਸਾਹਿਤਕਾਰਾਂ ਦਾ ਜ਼ਿਕਰ ਇਸ ਵਿਆਪਕ ਸੱਭਿਆਚਾਰਕ ਸੰਵਾਦ ਦੇ ਸੰਦਰਭ ਵਿੱਚ ਕੀਤਾ ਜਾ ਸਕਦਾ ਹੈ। ਉਨ੍ਹਾਂ ਬਾਰੇ ਕਿਸੇ ਖ਼ਾਸ ਸਾਹਿਤਕ ਦਾਅਵੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਉਨ੍ਹਾਂ ਦੀਆਂ ਖ਼ਾਸ ਰਚਨਾਵਾਂ, ਸਾਹਿਤਕ ਪਹਿਲਕਦਮੀਆਂ ਜਾਂ ਪ੍ਰਕਾਸ਼ਿਤ ਬਿਆਨਾਂ ਦੇ ਹਵਾਲੇ ਸ਼ਾਮਲ ਕੀਤੇ ਜਾ ਸਕਦੇ ਹਨ।

ਮਾਂ-ਬੋਲੀ ਦੀ ਰਾਖੀ: ਇਤਿਹਾਸਕ ਸੂਝ ਅਤੇ ਅੱਜ ਦੀ ਜ਼ਿੰਮੇਵਾਰੀ

ਪੰਜਾਬੀ ਦੀ ਸੇਵਾ ਦਾ ਅਰਥ ਕਿਸੇ ਹੋਰ ਭਾਸ਼ਾ ਨਾਲ ਵਿਰੋਧ ਕਰਨਾ ਨਹੀਂ। ਹੋਰ ਭਾਸ਼ਾਵਾਂ ਸਿੱਖਣਾ ਗਿਆਨ ਅਤੇ ਸੰਚਾਰ ਦੇ ਨਵੇਂ ਰਸਤੇ ਖੋਲ੍ਹਦਾ ਹੈ, ਪਰ ਮਾਂ-ਬੋਲੀ ਨੂੰ ਅਣਡਿੱਠਾ ਕਰਨਾ ਆਪਣੀ ਸੱਭਿਆਚਾਰਕ ਵਿਰਾਸਤ ਨਾਲੋਂ ਦੂਰੀ ਪੈਦਾ ਕਰ ਸਕਦਾ ਹੈ। ਘਰਾਂ ਵਿੱਚ ਪੰਜਾਬੀ ਬੋਲਣੀ, ਬੱਚਿਆਂ ਨੂੰ ਪੰਜਾਬੀ ਪੜ੍ਹਨ ਲਈ ਉਤਸ਼ਾਹਿਤ ਕਰਨਾ, ਸਕੂਲਾਂ ਵਿੱਚ ਇਸ ਦੀ ਸਿੱਖਿਆ ਨੂੰ ਮਜ਼ਬੂਤ ਕਰਨਾ ਅਤੇ ਡਿਜ਼ਿਟਲ ਮਾਧਿਅਮਾਂ 'ਤੇ ਵਧੀਆ ਪੰਜਾਬੀ ਸਮੱਗਰੀ ਤਿਆਰ ਕਰਨਾ ਇਸ ਦੀ ਵਰਤੋਂ ਨੂੰ ਅੱਗੇ ਵਧਾਉਣ ਦੇ ਅਮਲੀ ਤਰੀਕੇ ਹਨ।

ਇਸ ਦੇ ਨਾਲ ਹੀ ਪੰਜਾਬੀ ਦੇ ਇਤਿਹਾਸ ਨੂੰ ਸਹੀ ਤਰੀਕੇ ਨਾਲ ਪੜ੍ਹਨਾ ਵੀ ਮਾਂ-ਬੋਲੀ ਦੀ ਸੇਵਾ ਹੈ। ਜਿੱਥੇ ਪ੍ਰਮਾਣਿਤ ਤੱਥ ਹਨ, ਉਨ੍ਹਾਂ ਨੂੰ ਤੱਥਾਂ ਵਜੋਂ ਪੇਸ਼ ਕੀਤਾ ਜਾਵੇ; ਜਿੱਥੇ ਧਾਰਮਿਕ ਜਾਂ ਲੋਕ-ਪਰੰਪਰਾ ਹੈ, ਉੱਥੇ ਉਸ ਦੀ ਪਛਾਣ ਸਪੱਸ਼ਟ ਕੀਤੀ ਜਾਵੇ; ਅਤੇ ਜਿੱਥੇ ਇਤਿਹਾਸਕਾਰਾਂ ਵਿੱਚ ਮਤਭੇਦ ਹਨ, ਉੱਥੇ ਉਨ੍ਹਾਂ ਦਾ ਜ਼ਿਕਰ ਕੀਤਾ ਜਾਵੇ। ਇਸ ਨਾਲ ਕਿਸੇ ਭਾਈਚਾਰੇ ਦੀ ਆਸਥਾ ਦਾ ਅਪਮਾਨ ਨਹੀਂ ਹੁੰਦਾ, ਸਗੋਂ ਇਤਿਹਾਸ ਅਤੇ ਪਰੰਪਰਾ ਦੋਵਾਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿੱਚ ਸਮਝਣ ਦਾ ਮੌਕਾ ਮਿਲਦਾ ਹੈ।

ਪੰਜਾਬੀ ਸਾਡੀ ਸਾਂਝੀ ਵਿਰਾਸਤ ਹੈ, ਪਰ ਇਸ ਦੀ ਸਾਂਝ ਸਾਬਤ ਕਰਨ ਲਈ ਇਤਿਹਾਸ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਲੋੜ ਨਹੀਂ। ਗੁਰੂ ਨਾਨਕ ਦੇਵ ਜੀ ਦੀ ਬਾਣੀ, ਭਾਈ ਮਰਦਾਨਾ ਦੀ ਰਬਾਬ, ਗੁਰੂ ਗ੍ਰੰਥ ਸਾਹਿਬ ਵਿੱਚ ਸੰਭਾਲੀ ਭਗਤ ਬਾਣੀ, ਪੰਜਾਬੀ ਛਪਾਈ ਦਾ ਇਤਿਹਾਸ, ਭਗਤ ਸਿੰਘ ਦੀ ਸਮਾਜਿਕ ਚੇਤਨਾ ਅਤੇ ਵੱਖ-ਵੱਖ ਦੌਰਾਂ ਦੇ ਕਵੀਆਂ ਦੀ ਰਚਨਾ—ਇਹ ਸਾਰੇ ਆਪਣੇ-ਆਪਣੇ ਸੰਦਰਭ ਵਿੱਚ ਪੰਜਾਬੀ ਦੇ ਬਹੁਪੱਖੀ ਸੰਸਾਰ ਨੂੰ ਸਮਝਣ ਵਿੱਚ ਮਦਦ ਕਰਦੇ ਹਨ।

ਸਾਡਾ ਉਦੇਸ਼ ਕਿਸੇ ਇੱਕ ਧਰਮ ਨੂੰ ਪੰਜਾਬੀ ਦਾ ਮਾਲਕ ਸਾਬਤ ਕਰਨਾ ਨਹੀਂ ਹੋਣਾ ਚਾਹੀਦਾ। ਸਾਡਾ ਉਦੇਸ਼ ਇਹ ਸਮਝਣਾ ਹੋਣਾ ਚਾਹੀਦਾ ਹੈ ਕਿ ਕਿਵੇਂ ਵੱਖ-ਵੱਖ ਲੋਕਾਂ, ਪਰੰਪਰਾਵਾਂ ਅਤੇ ਇਤਿਹਾਸਕ ਹਾਲਾਤਾਂ ਨੇ ਪੰਜਾਬੀ ਨੂੰ ਅੱਜ ਦੇ ਰੂਪ ਤੱਕ ਪਹੁੰਚਾਉਣ ਵਿੱਚ ਆਪਣੀ ਭੂਮਿਕਾ ਨਿਭਾਈ।

ਪੰਜਾਬੀ ਦੀ ਅਸਲ ਤਾਕਤ ਇਸ ਦੀ ਸਾਂਝ, ਇਸ ਦੀ ਸਾਹਿਤਕ ਵਿਭਿੰਨਤਾ ਅਤੇ ਲੋਕਾਂ ਦੇ ਜੀਵਨ ਨਾਲ ਇਸ ਦੇ ਡੂੰਘੇ ਰਿਸ਼ਤੇ ਵਿੱਚ ਹੈ। ਇਸ ਨੂੰ ਸੰਭਾਲਣਾ ਸਿਰਫ਼ ਇੱਕ ਭਾਸ਼ਾ ਦੀ ਰਾਖੀ ਨਹੀਂ, ਸਗੋਂ ਪੰਜਾਬ ਦੀ ਇਤਿਹਾਸਕ ਯਾਦ, ਸੱਭਿਆਚਾਰਕ ਵਿਰਾਸਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਆਪਣਾ ਰਿਸ਼ਤਾ ਕਾਇਮ ਰੱਖਣਾ ਵੀ ਹੈ। ਸੰਸਾਰ ਭਰ ਚ ਬੈਠੇ ਪੰਜਾਬੀ ਆਪਣੀ ਹੋਂਦ ਦਰਸਾਉਂਦੇ ਹੋਏ ਬੜੇ ਪਿਆਰ ਨਾਲ ਅੰਗਰੇਜ਼ੀ, ਫਰੈਂਚ ਤੇ ਹੋਰ ਬਹੁਤ ਭਾਸ਼ਾਵਾਂ ਸਿੱਖਦੇ ਹਨ ਪਰ ਮੈਂ ਬਾਹਰਲੇ ਮੁਲਕਾਂ ਚ ਦੇਖਿਆ ਬਹੁਤੇ ਪੰਜਾਬੀ ਘਰੇ ਪੰਜਾਬੀ ਹੀ ਬੋਲਦੇ ਨੇ ਤੇ ਬੱਚਿਆਂ ਨੂੰ ਆਪਣਾ ਸੱਭਿਆਚਾਰ ਤੇ ਰਿਸ਼ਤੇ ਨਾਤੇ ਬਾਰੇ

ਵੀਡੀਓ ਕਾਲ ਤੇ ਆਪਣੀਆਂ ਦਾਦੇ- ਦਾਦੀ, ਜਾਂ ਨਾਨੇ -ਨਾਨੀ

ਜਾਂ ਪੰਜਾਬ ਚ ਵਸਦੇ ਉਹਨਾਂ ਦੇ ਜੁੜਨ ਵਾਲੇ ਪੰਜਾਬੀ ਚ ਹੀ ਗੱਲ ਕਰਦੇ ਹਨ। ਕੁਝ ਲੋਕ ਉਥੇ ਆਪਣੇ ਬੱਚਿਆਂ ਨੂੰ ਪੰਜਾਬੀ ਜਮਾਤ ਲਾਉਣ ਭੇਜਦੇ ਹਨ।